Estd. 2000

ਅਕਤੂਬਰ/ October 2023
ਸਾਲ/ Year 08
ਅੰਕ/ Edition 07
ਕੁੱਲ ਸਫੇ/ Total Page 08

Anual Subcription: 500/-

Regd Office:
1195, Ajit Nagar Moga
Pin: 142 001 (Punjab) INDIA

International

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ

# ਮਹਿਕ ਵਤਨ ਦੀ

'Mehak Watan Di Live' ● ਲਾਈਵ

ਮੁੱਖ ਸੰਪਾਦਕ: ਭਵਨਦੀਪ ਸਿੰਘ ਪੁਰਬਾ * ਉੱਪ ਮੁੱਖ ਸੰਪਾਦਕ (ਆਨਰੇਰੀ): ਭਾਗਵੰਤੀ ਪੁਰਬਾ

Regd No. PUNPN 04016 * Helpline: 9988-92-9988 E-mail: mehakwattandi@rediffmail.com www.mehakwatandilive.com

facebook

www.facebook/mehakwatandilive

ਮਹਿਕ ਵਤਨ ਦੀ ਲਾਈਵ ਦੀਆਂ ਖ਼ਬਰਾਂ ਅਤੇ ਲੇਖਾਂ ਬਾਰੇ ਆਪਣੇ ਵਿਚਾਰ ਸਾਂਝੇ ਕਰਨ ਲਈ ਸਾਡੇ ਫੇਸਬੁੱਕ ਪੇਜ ਉਤੇ ਵੀ ਲਾਗਇਨ ਕਰ ਸਕਦੇ ਹੋ।

ਦੇਸ਼, ਵਿਦੇਸ਼ ਅਤੇ ਪੰਜਾਬ ਦੀਆਂ ਤਾਜ਼ੀਆਂ ਖ਼ਬਰਾਂ ਆਨਲਾਈਨ ਪੜ੍ਹਨ ਲਈ ਕਲਿੱਕ ਕਰੋ

www.mehakwatandilive.com

## ਅੰਦਰ ਪੜ੍ਹੋ

* ਪੂਰਨਮਾਸ਼ੀ ਦਾ ਦਿਹਾੜਾ ਜੋਤੀ ਜੋਤ ਦਿਵਸ ਨੂੰ ਸਮਰਪਿਤ ਕਰਕੇ ਮਨਾਇਆ ਗਿਆ, 28 ਪ੍ਰਾਣੀ ਗੁਰੂ ਵਾਲੇ ਬਣੇ
* ਦੁਸ਼ਹਿਰਾ ਸੁੰਦਰ ਸ਼ਹਿਰ ਕੁੱਲੂ ਦਾ...!
* ਬੇਅਦਬੀ ਅਤੇ ਬਹਿਬਲ ਕਲਾ ਕੋਟਕ-ਪੂਰਾ ਗੋਲੀ ਕਾਂਢ ਇਨਸਾਫ਼ ਲੈਣ ਲਈ ਕੱਢਿਆ ਵਿਸਾਲ ਰੋਸ ਮਾਰਚ
* ਦੋਸੀਆਂ ਨੂੰ ਸਜਾ ਦਿਵਾਉਣ ਤੱਕ ਸਾਡਾ ਸੰਘਰਸ ਜਾਰੀ ਰਹੇਗਾ -ਜੱਥੇਦਾਰ ਅਜਨਾਲਾ, ਸੰਤ ਜੋਗੇਵਾਲਾ, ਸੰਤ ਬਾਬਾ ਰੇਸ਼ਮ ਸਿੰਘ ਜੀ ਖੁਖਰਾਣਾ

ਖ਼ਬਰਾਂ ਅਤੇ ਰਚਨਾਵਾਂ ਭੇਜਣ ਵਾਸਤੇ ਈ-ਮੇਲ
chief_editor@mehakwatandilive.com
mehakwattandi@rediffmail.com



## ਜੱਜ ਬਣੀ ਮੋਗਾ ਸ਼ਹਿਰ ਦੀ ਬੇਟੀ ਆਗਿਆਪਾਲ ਕੌਰ ਦਾ ਗੁਰਦੁਆਰਾ ਨਾਮਦੇਵ ਭਵਨ ਮੋਗਾ ਦੀ ਪ੍ਰਬੰਧਕ ਕਮੇਟੀ ਵੱਲੋਂ ਵਿਸ਼ੇਸ਼ ਸਨਮਾਨ







## ਅਗਰਵਾਲ ਵੂਮੈਨ ਸੈੱਲ ਦੀ ਪ੍ਰਦਰਸ਼ਨੀ ਵਿੱਚ 'ਮਹਿਕ ਵਤਨ ਦੀ ਲਾਈਵ' ਬਿਓਰੋ ਅਤੇ ਰੂਰਲ ਐਨ.ਜੀ.ਓ. ਵੱਲੋਂ ਕਿਰਤੀ ਔਰਤਾਂ ਦਾ ਸਨਮਾਨ!

## ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਜਾਗਰੂਕਤਾ ਬੱਸ ਰੈਲੀ ਦਾ ਮੋਗਾ ਪਹੁੰਚਣ ਤੇ ਭਰਵਾ ਸਵਾਗਤ





20 ਵੀਂ ਸਦੀ ਦੇ ਉੱਘੇ ਸਮਾਜ ਸੇਵਕ

## ਸੰਤ ਬਾਬਾ ਨੰਦ ਸਿੰਘ ਜੀ ਮਹਾਰਾਜ ਲੋਹਾਰੇ ਵਾਲੇ

(ਤਪ ਅਸਥਾਨ ਤੇ ਅੰਗੀਠਾ ਸਾਹਿਬ)

## ਗੁਰਦੁਆਰਾ ਸੰਤ ਬਾਬਾ ਨੰਦ ਸਿੰਘ ਜੀ

ਪਿੰਡ ਲੋਹਾਰਾ (ਜਿਲ੍ਹਾ ਮੋਗਾ) ਪੰਜਾਬ

**ਇਸ ਅਸਥਾਨ ਤੋਂ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਮਹਾਰਾਹ ਦੇ ਅਵਤਾਰ ਪੁਰਬ ਦੇ ਸਬੰਧ ਵਿੱਚ ਛੇਆਂ ਪਿੰਡਾ ਦਾ ਵਿਸ਼ਾਲ ਨਗਰ ਕੀਰਤਨ ਕੱਢਿਆਂ ਜਾਦਾ ਹੈ।**

ਇਸ ਅਸਥਾਨ ਤੇ ਹਰ ਐਤਵਾਰ ਨੂੰ ਹਰ ਬੀਮਾਰੀ ਦੀ ਦੇਸੀ ਦਵਾਈ ਬਿਲਕੁੱਲ ਮੁਫਤ ਦਿੱਤੀ ਜਾਦੀ ਹੈ।



ਮੁੱਖ ਸੇਵਾਦਾਰ

**ਬਾਬਾ ਜਸਵੀਰ ਸਿੰਘ ਲੋਹਾਰਾ**

## ਗੁਰਦੁਆਰਾ ਸੰਤ ਬਾਬਾ ਹੀਰਾ ਸਿੰਘ ਜੀ

ਤਪ ਅਸਥਾਨ ਬਾਬਾ ਹੀਰਾ ਸਿੰਘ ਜੀ ਪਿੰਡ ਖੁਖਰਾਣਾ (ਜ਼ਿਲ੍ਹਾ ਮੋਗਾ) ਪੰਜਾਬ

ਇਸ ਪਵਿੱਤਰ ਅਸਥਾਨ ਤੇ ਸੰਗਰਾਂਦ ਦਾ ਦਿਹਾੜਾ ਮਨਾਇਆ ਜਾਂਦਾ ਹੈ।



ਸੱਚਖੰਡ ਵਾਸੀ ਧੰਨ-ਧੰਨ ਸੰਤ ਬਾਬਾ ਹੀਰਾ ਸਿੰਘ ਜੀ ਮਹਾਰਾਜ ਦੀ ਸਾਲਾਨਾ ਬਰਸੀ ਹਰ ਸਾਲ 17 ਮੱਘਰ ਨੂੰ ਮਨਾਈ ਜਾਂਦੀ ਹੈ ਅਤੇ ਉਨ੍ਹਾਂ ਦੇ ਸਥਾਨ ਦੇ ਸੇਵਕ ਬਾਬਾ ਹਾਕਮ ਸਿੰਘ ਜੀ ਦੀ ਬਰਸ਼ੀ ਦੇ ਭੋਗ ਹਰ ਸਾਲ ਦੀਵਾਲੀ ਵਾਲੇ ਦਿਨ ਸਵੇਰੇ 10:00 ਵਜੇ ਪਾਏ ਜਾਦੇ ਹਨ।

**ਸਮੂੰਹ ਸੰਗਤ ਨੂੰ ਇਨ੍ਹਾਂ ਸਮਾਗਮਾਂ ਵਿੱਚ ਹਾਜਰ ਹੋਣ ਦਾ ਸੱਦਾ ਦਿੱਤਾ ਜਾਂਦਾ ਹੈ।**



ਬੇਨਤੀ ਕਰਤਾ : ਸੇਵਾਦਾਰ

ਬਾਬਾ ਜਸਵਿੰਦਰ ਸਿੰਘ ਜੀ ਬੱਧਣੀ ਖੁਰਦ ਵਾਲੇ

ਸੰਪਰਕ : 62800-15996

ਸੰਤ ਬਾਬਾ ਹੀਰਾ ਸਿੰਘ ਜੀ ਪ੍ਰਬੰਧਕੀ ਕਮੇਟੀ, ਖੁਖਰਾਣਾ

## ਗੁਰਦੁਆਰਾ ਦੁੱਖ ਭੰਜਨਸਰ ਸਾਹਿਬ

ਪਿੰਡ ਖੁਖਰਾਣਾ, ਤਹਿ. ਤੇ ਜਿਲ੍ਹਾ ਮੋਗਾ (ਪੰਜਾਬ)



ਮੁੱਖ ਸੇਵਾਦਾਰ

**ਸੰਤ ਬਾਬਾ ਰੇਸ਼ਮ ਸਿੰਘ ਜੀ ਖੁਖਰਾਣਾ**

ਸੀਨੀ. ਮੀਤ ਪ੍ਰਧਾਨ: ਗੁਰ ਸ਼ਬਦ ਪ੍ਰਚਾਰ ਸੰਤ ਸਮਾਜ

ਮੈਂਬਰ: ਖਾਲਸਾ ਐਕਸ਼ਨ ਕਮੇਟੀ

**ਸੰਪਰਕ: 98153-11318**









ਸੰਤ ਬਾਬਾ ਰੇਸ਼ਮ ਸਿੰਘ ਜੀ ਖੁਖਰਾਣਾ ਵੱਲੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੋਈ ਬੇ-ਅਦਬੀ ਦੇ ਰੋਸ ਵਜੋ ਕੀਤੇ ਜਾ ਰਹੇ ਕਾਰਜਾਂ ਦੀਆਂ ਕੁੱਝ ਝਲਕਾਂ!




ੴ ਸਤਿਗੁਰ ਪ੍ਰਸਾਦਿ ॥

"ਧੰਨ ਧੰਨ ਬਾਬਾ ਨਰਾਇਣ ਹਰੀ ਜੀ" "ਧੰਨ ਧੰਨ ਬਾਬਾ ਪਾਲਾ ਸਿੰਘ ਜੀ"



## ਗੁਰਦੁਆਰਾ ਬਾਬਾ ਪਾਲਾ ਸਿੰਘ ਜੀ ਕੜਿਆਲ

ਇਥੇ ਅਸਥਾਨ ਤੇ ਮੁੱਖ ਸੇਵਾਦਾਰ ਬਾਬਾ ਪਵਨਦੀਪ ਸਿੰਘ ਜੀ ਦੀ ਸ੍ਰਪਰਸਤੀ ਹੇਠ ਸਿੱਖ ਇਤਿਹਾਸ ਨੂੰ ਪ੍ਰਫੁਲਤ ਕਰਦਾ ਸਿੱਖ ਅਜਾਇਬ ਘਰ ਸਥਾਪਿਤ ਹੈ ਜੋ ਨੋਜਵਾਨਾਂ ਨੂੰ ਸਿੱਖ ਧਰਮ ਬਾਰੇ ਜਾਣੂ ਕਰਵਾ ਕੇ ਉਨ੍ਹਾਂ ਨੂੰ ਸਿੱਖੀ ਧਾਰਨ ਕਰਨ ਲਈ ਪ੍ਰੇਰਿਤ ਕਰਦਾ ਹੈ ਅਤੇ ਇਥੇ ਇੱਕ ਵਿਸ਼ਾਲ ਚਿੜੀਆਂ ਘਰ ਬਣਾਇਆ ਗਿਆ ਹੈ ਜੋ ਕੁਦਰਤੀ ਨਜਾਰਾ ਪੇਸ਼ ਕਰਦਾ ਹੈ। ਇਸ ਚਿੜੀਆਂ ਘਰ ਵਿੱਚ ਕਈ ਤਰ੍ਹਾਂ ਦੇ ਪੰਛੀ ਅਤੇ ਜਾਨਵਰ ਹਨ ਜਿਨ੍ਹਾਂ ਦੀ ਚੰਗੀ ਤਰ੍ਹਾਂ ਦੇਖ-ਭਾਲ ਕੀਤੀ ਜਾਦੀ ਹੈ।
















28 ਫਰਬਰੀ ਨੂੰ ਗੁਰਦੁਆਰਾ ਸੰਤ ਬਾਬਾ ਪਾਲਾ ਸਿੰਘ ਜੀ ਪਿੰਡ ਕੜਿਆਲ ਵਿਖੇ ਬਰਸ਼ੀ ਸਮਾਗਮ ਸ਼ੁਰੂ ਹੁੰਦਾ ਹੈ 07 ਮਾਰਚ ਨੂੰ ਸਮਾਪਤੀ ਤੇ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗਾ ਉਪਰੰਤ ਵਿਸ਼ਾਲ ਧਾਰਮਿਕ ਦੀਵਾਨ ਸਜਦੇ ਹਨ।

09 ਸਤੰਬਰ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਇਸੇ ਅਸਥਾਨ ਤੇ ਸਮਾਗਮ ਸ਼ੁਰੂ ਹੁੰਦਾ ਹੈ ਜਿਸ ਦੀ ਸਮਾਪਤੀ ਤੇ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ 15 ਸਤੰਬਰ ਨੂੰ ਦਿਨੇ ਪਾਏ ਜਾਂਦੇ ਹਨ। ਉਪਰੰਤ ਵਿਸ਼ਾਲ ਧਾਰਮਿਕ ਦੀਵਾਨ ਸਜਦੇ ਹਨ।



**ਮੁੱਖ ਸੇਵਾਦਾਰ: ਸੰਤ ਬਾਬਾ ਪਵਨਦੀਪ ਸਿੰਘ ਜੀ ਕੜਿਆਲ ਵਾਲੇ**

International
ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
# ਮਹਿਕ ਵਤਨ ਦੀ
'Mehak Watan Di Live' ● ਲਾਈਵ

Titel Regd No. PUNPUN 04016 | Year 8 | Edition 07 | Issue Date 25-10-2023

ਮੁੱਖ ਸੰਪਾਦਕ : ਭਵਨਦੀਪ ਸਿੰਘ ਪੁਰਬਾ
ਉੱਪ-ਮੁੱਖ ਸੰਪਾਦਕ (ਆਨਰੇਰੀ) : ਭਾਗਵੰਤੀ ਪੁਰਬਾ
ਸਾਹਿਤਕ ਸੰਪਾਦਕ : ਹਰਜੀਤ ਕੌਰ ਗਿੱਲ
ਸਹਿ ਸੰਪਾਦਕ : ਕੁਲਵਿੰਦਰ ਤਾਰੇਵਾਲਾ
ਸਹਿ ਸੰਪਾਦਕ : ਇਕਬਾਲ ਸਿੰਘ ਖੋਸਾ
ਇੰਚਾਰਜ ਪ੍ਰੋਟਿੰਗ ਵਿਭਾਗ : ਸੁਖਜੀਤ ਸਿੰਘ ਵਾਲੀਆ
ਵਿਸ਼ੇਸ਼ ਪ੍ਰਤੀਨਿਧ (ਕੈਨੇਡਾ) : ਗੁਰਸੇਵਕ ਸਿੰਘ ਪੁਰਬਾ
ਮੁੱਖ ਸਲਾਹਕਾਰ : ਬਾਬਾ ਜਸਵੀਰ ਸਿੰਘ ਲੋਹਾਰਾ
ਸਾਹਿਤਕ ਸਲਾਹਕਾਰ : ਗੁਰਮੇਲ ਸਿੰਘ ਬੌਡੇ
ਪ੍ਰੈਸ ਫੋਟੋ ਗ੍ਰਾਫਰ : ਮਨਮੋਹਨ ਸਿੰਘ ਚੀਮਾ




## ਸੰਪਾਦਕ ਦੀ ਕਲਮ 'ਚੋਂ...

ਮੁੱਖ ਸੰਪਾਦਕ - ਭਵਨਦੀਪ ਸਿੰਘ ਪੁਰਬਾ

# ਦੁਸ਼ਹਿਰਾ ਸੁੰਦਰ ਸ਼ਹਿਰ ਕੁੱਲੂ ਦਾ...!

ਐਤਕੀ ਇੱਕ ਦੁਸ਼ਹਿਰਾ ਹੋਰ ਲੰਘ ਗਿਆ ਹੈ। ਦੁਸਹਿਰਾ ਹਰ ਸਾਲ ਆਉਦਾ ਹੈ ਤੇ ਚਲਾ ਜਾਂਦਾ ਹੈ ਇਹ ਪ੍ਰਮਪਰਾ ਸਦੀਆਂ ਤੋਂ ਚੱਲੀ ਅਤ ਰਹੀ ਹੈ। ਵੈਸੇ ਤਾਂ ਪੰਜਾਬ ਵਿੱਚ ਸਾਰਾ ਸਾਲ ਹੀ ਤਿਉਹਾਰ ਚੱਲਦੇ ਰਹਿੰਦੇ ਹਨ। ਪਰ ਸਿਆਲਾਂ ਦੀ ਆਮਦ ਦੇ ਤਿਉਹਾਰਾਂ ਵਿੱਚ ਦੁਸਹਿਰਾ ਸਭ ਤੋਂ ਪਹਿਲਾ ਖਾਸ ਤਿਉਹਾਰ ਹੁੰਦਾ ਹੈ। ਇਹ ਨੌਂ ਨਵਰਾਤਰਿਆਂ ਤੋਂ ਬਾਅਦ ਹੁੰਦਾ ਹੈ। ਦੁਸਹਿਰੇ ਦੇ ਤਿਉਹਾਰ ਨੂੰ 'ਵਿਜਯ ਦਸ਼ਮੀ' ਵੀ ਕਿਹਾ ਜਾਂਦਾ ਹੈ। ਸੰਸਕ੍ਰਿਤ ਭਾਸ਼ਾ ਦਾ ਸ਼ਬਦ 'ਵਿਜਯ' ਜਿਸ ਦਾ ਅਰਥ ਹੈ ਜਿੱਤ। ਦੁਸਹਿਰਾ ਦੇ ਇਤਿਹਾਸ ਬਾਰੇ ਸਾਰੇ ਪੰਜਾਬੀ ਭਲੀ-ਬਾਤ ਜਾਣਦੇ ਹਨ। ਵੇਸੈ ਇਹ ਜਿਕਰਯੋਗ ਗੱਲ ਹੈ ਕਿ ਰਾਵਣ ਵੀ ਇਕ ਸ਼ਕਤੀ ਸ਼ਾਲੀ ਰਾਜਾ ਸੀ। ਉਂਝ ਤਾਂ ਰਾਵਣ ਬਹੁਤ ਗਿਆਨੀ ਪੰਡਤ ਸੀ, ਪਰ ਮਨ 'ਚ ਹੰਕਾਰ ਹੋਣ ਕਾਰਨ ਯੁੱਧ ਵਿਚ ਉਸਦੀ ਹਾਰ ਹੋਈ, ਹਾਰ ਦਾ ਕਾਰਨ ਉਸ ਦੇ ਭਰਾਂ ਵੱਲੋਂ ਧੋਖਾ ਕਰਨਾ ਹੈ ਇਹ ਦੁਨੀਆਂ ਲਈ ਇੱਕ ਸੇਧ ਦੇਣ ਵਾਲੀ ਗੱਲ ਵੀ ਹੈ ਕਿ ਆਪਣੇ ਵੀ ਕਈ ਵਾਰ ਦਗਾ ਕਮਾ ਜਾਦੇ ਹਨ ਇਸ ਲਈ ਕਿਸੇ ਤੇ ਵੀ ਅੱਖਾਂ ਮੀਚ ਕੇ ਵਿਸ਼ਵਾਸ ਕਰਨਾ ਹਾਰ ਦਾ ਕਾਰਨ ਬਣਦਾ ਹੈ ਤਾਂਹੀ ਕਿਹਾ ਜਾਦਾ ਹੈ 'ਘਰ ਦਾ ਭੇਤੀ ਲੰਕਾਂ ਢਾਏ'। ਇਹ ਵੀ ਜਿਕਰਯੋਗ ਗੱਲ ਹੈ ਕਿ ਰਾਵਣ ਨੇ ਸੀਤਾ ਦਾ ਹਰਨ ਕੀਤਾ ਸੀ ਪਰ ਉਸਦੇ ਚਰਿੱਤਰ ਉਪਰ ਕੋਈ ਦਾਗ਼ ਨਹੀਂ ਹੈ। ਪਰ ਜੁਰਮ ਕੋਈ ਵੀ ਹੋਵੇ ਉਸਦੀ ਸਜਾ ਤਾਂ ਜਰੂਰ ਮਿਲਣੀ ਚਾਹੀਦੀ ਹੈ। ਰਾਵਣ ਨੂੰ ਉਸ ਦੇ ਕੀਤੇ ਦੀ ਸਜਾ ਮਿਲੀ। ਅੱਜ ਕਈ ਸਦੀਆਂ ਬਾਅਦ ਵੀ ਰਾਵਣ, ਕੁੰਭਕਰਨ ਤੇ ਮੇਘਨਾਥ ਦੇ ਪੁਤਲੇ ਸਾੜ ਕੇ ਦੁਸਹਿਰੇ ਨੂੰ ਬਦੀ ਤੇ ਨੇਕੀ ਦੀ ਜਿੱਤ ਕਹਿ ਦਿੱਤਾ ਜਾਦਾ ਹੈ।

ਜੇਕਰ ਅੱਜ ਦੇ ਰਾਵਣ ਵੱਲ ਵੇਖੀਏ ਜੋਂ ਸ਼ਰੇਆਮ ਤੁਰੇ ਫਿਰਦੇ ਹਨ। ਉਸ ਰਾਵਣ ਨੇ ਤਾਂ ਸੀਤਾ ਦਾ ਕੇਵਲ ਅਪਹਰਣ ਹੀ ਕੀਤਾ ਸੀ, ਅਜੋਕੇ ਰਾਵਣਾਂ ਨੇ ਤਾਂ ਅੱਤਿਆਚਾਰ ਦੀ ਹੱਦ ਹੀ ਪਾਰ ਕਰ ਦਿੱਤੀ ਹੈ। ਮਾਸੂਮ ਬੱਚੀਆਂ ਨਾਲ ਬਲਾਤਕਾਰ ਕਰਕੇ ਉਨ੍ਹਾਂ ਨੂੰ ਮਾਰ ਦਿੱਤਾ ਜਾਂਦਾ ਹੈ। ਕੀ ਉਨ੍ਹਾਂ ਰਾਵਣਾ ਦੇ ਪੁਤਲੇ ਸਾੜਨ ਦੀ ਜਰੂਰਤ ਨਹੀਂ? ਉਹ ਤਾਂ ਅਪੀਲਾ ਕਰ ਕਰ ਕੇ ਆਪਣੇ ਕੀਤੇ ਜੁਰਮਾਂ ਨੂੰ ਠੰਡਾ ਕਰ ਦਿੰਦੇ ਹਨ ਤੇ ਜਿਸ ਦਿਨ ਉਨ੍ਹਾਂ ਦੇ ਜੁਰਮ ਲੋਕਾ ਦੇ ਮਨੋਂ ਵਿਸਰ ਜਾਦੇ ਹਨ, ਉਸ ਦਿਨ ਉਹ ਲੈ-ਦੇ ਕੇ ਚੁੱਪ-ਚਪੀਤੇ ਰਿਹਾਅ ਹੋ ਕੇ ਲੋਕਾਂ ਦੀ ਭੀੜ ਵਿੱਚ ਸ਼ਾਮਲ ਹੋਂ ਜਾਦੇ ਹਨ। ਆਮ ਹੀ ਲੋਕ ਥੋੜੇ ਚਿਰ ਬਾਅਦ ਕਿਸੇ ਦੇ ਕੀਤੇ ਜੁਰਮਾ ਨੂੰ ਅੱਖੋਂ-ਪਰੋਖੇ ਕਰ ਦਿੰਦੇ ਹਨ। ਪਰ ਫਿਰ ਰਾਵਣ ਵਿਚਾਰਾ ਪਤਾ ਨਹੀਂ ਕਿਉਂ ਸਦੀਆਂ ਤੋਂ ਆਪਣੇ ਕੀਤੇ ਦੀ ਸਜਾ ਭੁਗਤ ਰਿਹਾ ਹੈ। ਅਸਲ ਵਿੱਚ ਅਸੀਂ ਅਜੇ ਤੱਕ ਆਪਣੇ ਅੰਦਰ ਬੈਠੇ ਰਾਵਣਾਂ ਨੂੰ ਨਹੀਂ ਜਲਾ ਸਕੇ। ਅੱਜ ਇਸ ਕਲਯੁਗ ਦੇ ਸਮੇਂ ਆਸੇ ਪਾਸੇ ਨਿਗ੍ਹਾ ਮਾਰ ਕੇ ਦੇਖਿਏ ਤਾਂ ਸਾਡਾ ਆਲਾ ਦੁਆਲਾ ਹੀ ਰਾਵਣਾਂ ਨਾਲ ਭਰਿਆ ਪਿਆ ਹੈ। ਅੱਜ ਤਾਂ ਰਾਵਣ ਹੀ ਹਰ ਪਾਸੇ ਪ੍ਰਧਾਨ ਹਨ। ਸ਼੍ਰੀ ਗੁਰੂ ਨਾਨਕ ਦੇਵ ਸਾਹਿਬ ਨੇ ਵੀ ਆਉਣ ਵਾਲੇ ਸਮੇਂ ਵੱਲ ਨਿਗ੍ਹਾ ਮਾਰ ਕੇ ਕਿਹਾ ਸੀ 'ਕੂੜ ਹੋਇਆ ਪ੍ਰਧਾਨ ਵੇ ਲਾਲੋ।' ਉਨ੍ਹਾਂ ਦੀ ਕਹੀ ਅੱਜ ਸੱਚ ਹ ਈ ਜਾ ਰਹੀਂ ਹੈ।

ਅੱਜ ਦੁਸਹਿਰਾ ਮਨਾਉਣਾ ਸਾਡੇ ਲਈ ਧਾਰਮਿਕ ਪ੍ਰੰਮਪਰਾ ਨਾ ਹੋਂ ਕੇ ਸਿਰਫ ਮੇਲਾ ਵੇਖਣ ਵਾਲੀ ਪ੍ਰਵਿਰਤੀ ਦਾ ਤਿਉਹਾਰ ਬਣ ਕੇ ਰਹਿ ਗਿਆ ਹੈ। ਜਿਹੜਾ ਦੁਸਹਿਰਾ ਅਸੀਂ ਮੇਲੇ ਦੇ ਰੂਪ ਵਿੱਚ ਮਨਾਉਂਦੇ ਹਾਂ ਉਸ ਦੀ ਗੱਲ ਕਰੀਏ ਤਾਂ ਸਾਰੇ ਦੇਸ਼ ਵਿੱਚ ਦੁਸਹਿਰਾ ਕਿਸੇ ਨਾ ਕਿਸੇ ਰੂਪ ਵਿੱਚ ਬੜੇ ਚਾਅ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਉੱਤਰ ਵਿੱਚ ਜੇ ਕੁੱਲੂ ਦਾ ਦੁਸਹਿਰਾ ਪ੍ਰਸਿੱਧ ਹੈ ਤਾਂ ਦੱਖਣ ਵਿੰਚ ਮੈਸੂਰ ਦਾ ਦੁਸਹਿਰਾ ਇਸ ਤੋਂ ਵੱਧ ਮਹੱਤਤਾ ਰੱਖਦਾ ਹੈ। ਮੈਸੂਰ ਵਿੱਚ ਦੁਸਹਿਰੇ ਨੂੰ 'ਵਿਜਯ ਦਸ਼ਮੀ' ਦੇ ਨਾਂ ਨਾਲ ਮਨਾਇਆ ਜਾਂਦਾ ਹੈ। ਸਾਡੇ ਇਥੇ ਸ਼ਹਿਰਾਂ ਵਿੱਚ ਰਾਵਣ, ਮੇਘਨਾਥ ਤੇ ਕੁੰਭਕਰਨ ਦੇ ਬੁੱਤ ਬਣਾ ਕੇ ਸਾੜੇ ਜਾਂਦੇ ਹਨ ਇਨ੍ਹਾਂ ਬੁੱਤਾਂ 'ਤੇ ਤਕਰੀਬਨ ਅੱਸੀ ਹਜਾਰ ਤੋਂ ਲੈ ਕੇ ਡੇਢ ਲੱਖ ਰੁਪਏ ਤੱਕ ਖਰਚ ਆਉਂਦਾ ਹੈ। ਦੁਸਹਿਰਾ ਕਮੇ-ਟੀਆਂ ਬੜੀ ਮਿਹਨਤ ਕਰਦੀਆਂ ਹਨ। ਦੁਸਹਿਰਾ ਕਮੇਟੀਆਂ ਆਪਣੇ ਆਪਣੇ ਸ਼ਹਿਰਾਂ ਦੇ ਮਾਲਕਾਂ ਡਿਪਟੀ ਕਮਿਸ਼ਨਰ ਸਾਹਿਬਾਨਾ ਨੂੰ, ਐਸ.ਡੀ.ਐਮ. ਸਾਹਿਬਾਨਾਂ ਨੂੰ, ਐਮ.ਐਲ.ਏ ਜਾਂ ਭਰੀਆਂ ਜੇਬਾ ਵਾਲੇ ਵਪਾਰੀਆਂ ਨੂੰ ਜਾਂ ਕਿਸੇ ਹੋਰ ਮੰਤਰੀਆਂ-ਸੰਤਰੀਆਂ ਜਿਸ ਕੋਲੋਂ ਚਾਰ ਸ਼ਿੱਲੜ ਮਿਲਣ ਦੀ ਆਸ ਹੋਵੇ, ਉਨ੍ਹਾਂ ਨੂੰ ਮੁੱਖ ਮਹਿਮਾਣ ਬਣ ਕੇ ਆਉਣ ਦਾ ਸੱਦਾ ਪੱਤਰ ਦਿੰਦਿਆਂ ਹਨ। ਮੁੱਖ ਮਹਿਮਾਣ ਦੇ ਆਉਣ ਸਾਰ ਮਿੰਟਾਂ ਵਿੱਚ ਰਾਵਣ, ਕੁੰਭਕਰਨ ਤੇ ਮੇਘਨਾਥ ਦੇ ਬੁੱਤ ਸੜ ਕੇ ਸੁਆਹ ਹੋ ਜਾਂਦੇ ਹਨ ਤੇ ਸਾਰੇ ਖੁਸ਼ ਹੋ ਜਾਂਦੇ ਹਨ ਕਿ ਬਦੀ ਉੱਪਰ ਨੇਕੀ ਦੀ ਜਿੱਤ ਹੋ ਗਈ। ਬੁੱਤ ਸੜਣ ਉਪਰੰਤ ਲੋਂਕ ਖਿੰਡਣੇ ਸ਼ੁਰੂ ਹੋ ਜਾਂਦੇ ਹਨ। ਕਈ ਲੋਕ ਰਾਵਣ ਦੇ ਪੁਤਲੇ ਦੀਆਂ ਅੱਧ ਸੜੀਆਂ ਲੱਕੜਾਂ ਚੁੱਕ ਕੇ ਘਰ ਲੈ ਜਾਂਦੇ ਹਨ ਉਹਨਾ ਦਾ ਮੰਨਣਾ ਹੈ ਕਿ ਇਨ੍ਹਾਂ ਲੱਕੜਾਂ ਨੂੰ ਘਰ ਵਿੱਚ ਰੱਖਣ ਨਾਲ ਛੋਟੇ ਬੱਚਿਆਂ ਨੂੰ ਡਰ ਨਹੀਂ ਲੱਗਦਾ, ਧੰਨ ਵਿੱਚ ਵਾਧਾ ਹੁੰਦਾ ਹੈ ਤੇ ਘਰ ਵਿੱਚ ਸ਼ਾਂਤੀ ਬਣੀ ਰਹਿੰਦੀ ਹੈ।

ਖੂਬਸੂਰਤ ਪਹਾੜਾਂ ਵਿਚ ਬਿਆਸ ਦਰਿਆ ਦੇ ਕਿਨਾਰੇ ਸਥਿਤ ਸੁੰਦਰ ਸ਼ਹਿਰ ਕੁੱਲੂ (ਹਿਮਾਚਲ ਪ੍ਰਦੇਸ਼) ਦਾ ਦੁਸਹਿਰਾ ਬੜਾ ਮਸ਼ਹੂਰ ਹੈ ਪਰ ਉਥੇ ਰਾਵਣ, ਕੁੰਭਕਰਨ ਤੇ ਮੇਘਨਾਥ ਦੇ ਬੁੱਤ ਨਹੀਂ ਸਾੜੇ ਜਾਦੇ। ਉੱਥੇ ਦੁਸਹਿਰਾ ਹਫਤਾ ਭਰ ਮਨਾਇਆ ਜਾਂਦਾ ਹੈ। ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਲੋਕ ਇਥੇ ਦੁਸਹਿਰਾ ਦੇਖਣ ਲਈ ਪਹੁੰਚਦੇ ਹਨ। ਕੁੱਲੂ ਵਾਦੀ ਦੇ ਲੋਕ ਬਹੁੱਤ ਹੀ ਸੁੰਦਰ ਤਰੀਕੇ ਨਾਲ ਆਪਣੇ ਪਿੰਡ ਵਿਚ ਆਪਣੇ ਦੇਵੀ-ਦੇਵਤੇ ਦੀ ਪਾਲਕੀ ਤਿਆਰ ਕਰਦੇ ਹਨ। ਆਪਣੇ ਦੇਵੀ-ਦੇਵਤੇ ਦੀ ਮੂਰਤੀ ਪਾਲਕੀ ਵਿੱਚ ਰੱਖ ਕੇ ਉਸਨੂੰ ਮੋਢਿਆਂ 'ਤੇ ਚੁੱਕ ਕੇ ਆਪਣੇ ਪਿੰਡ ਤੋਂ ਪੈਦਲ ਚੱਲ ਕੇ ਕੁੱਲੂ ਸ਼ਹਿਰ ਤੱਕ ਜਾਦੇ ਹਨ। ਸ਼ਰਧਾਲੂ ਨੱਚਦੇ ਟੱਪਦੇ ਹੋਏ ਬੈਂਡ ਵਾਜਿਆਂ ਸਮੇਤ ਕੁੱਲੂ ਦੇ ਬਾਜਾਰਾਂ ਵਿਚੋਂ ਦੀ ਗੁਜਰਦੇ ਹੋਏ ਰਘੂਨਾਥ ਜੀ ਦੇ ਮੰਦਰ ਵਿੱਚ ਪਹੁੰਚਦੇ ਹਨ ਅਤੇ ਪੂਜਾ ਅਚਰਨਾ ਕਰਦੇ ਹਨ। ਦੇਸ਼ ਦੇ ਵੱਖ-ਵੱਖ ਰਾਜਾ ਤੋਂ ਤੇ ਵੱਖ-ਵੱਖ ਬੋਲੀਆਂ ਦੇ ਗਾਇਕ, ਕਲਾਕਾਰ ਇਸ ਮੇਲੇ ਵਿਚ ਸ਼ਾਮਲ ਹੋਣ ਕੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਦੇ ਹਨ। ਕਈ ਪ੍ਰਾਈਵੇਟ ਤੇ ਸਰਕਾਰੀ ਅਦਾਰਿਆਂ ਵੱਲੋਂ ਪ੍ਰਦਰਸ਼ਨੀਆਂ ਵੀ ਲਗਾਈਆਂ ਜਾਦੀਆਂ ਹਨ ਜਿਥੇ ਵਾਜਬ ਰੇਟਾ ਤੇ ਵਸਤੂਆਂ ਮਿਲਦੀਆਂ ਹਨ। ਇਥੇ ਇੱਕ ਖਾਸੀਅਤ ਹੈ ਕਿ ਦੁਸਹਿਰੇ ਵਿੱਚ ਕੋਈ ਵੀ ਵਿਅਕਤੀ ਸ਼ਰਾਬ ਪੀ ਕੇ ਜਾਂ ਨਸ਼ਾ ਕਰਕੇ ਨਹੀਂ ਆਉਦਾ। ਇਹ ਸਾਰਾ ਨਜਾਰਾ ਵੇਖਣਯੋਗ ਹੁੰਦਾ ਹੈ।

ਸਮੁੱਚੇ ਦੇਸ਼ ਵਿੱਚ ਦੁਸਹਿਰੇ ਵਾਲੇ ਦਿਨ ਖਰੀਦਦਾਰੀ ਕਰਨੀ ਵਧੀਆ ਮੰਨੀ ਜਾਦੀ ਹੈ। ਇਸ ਦਿਨ ਸੋਨਾ, ਚਾਂਦੀ ਤੇ ਵਾਹਨਾਂ ਦੀ ਖਰੀਦਦਾਰੀ ਬਹੁੱਤ ਜਿਆਦਾ ਵਧੀਆਂ ਮੰਨੀ ਜਾਦੀ ਹੈ। ਬਹੁੱਤ ਲੋਕ ਇਸ ਦਿਨ ਨਵੇਂ ਕੰਮ ਦਾ ਆਰੰਭ ਕਰਨਾ ਸ਼ੁਭ ਮੰਨਦੇ ਹਨ। ਵਪਾਰੀ ਲੋਕ ਇਸ ਦਿਨ ਨਵੇਂ ਵਹੀ ਖਾਤੇ ਸ਼ੁਰੂ ਕਰਨਾ ਸ਼ੁਭ ਸਮਝਦੇ ਹਨ। ਦੁਸਹਿਰੇ ਦੇ ਮੇਲੇ ਤੋਂ ਵਾਪਸੀ ਤੇ ਲੋਕ ਜਲੇਬੀਆਂ, ਪਕੌੜੇ, ਪਟਾਕੇ, ਲੜੀਆਂ ਆਦਿ ਦੀ ਖਰੀਦੋ-ਫਰੋਖਤ ਕਰਦੇ ਹਨ। ਦੁਸਹਿਰੇ ਪਿਛੇ ਇਤਿਹਾਸਕ, ਰਾਜਨੀਤਿਕ ਤੇ ਸਮਾਜਿਕ ਕਾਰਣਾ ਦਾ ਅਧਿਐਨ ਕਰਨ ਦਾ ਆਮ ਆਦਮੀ ਜਰੂਰਤ ਨਹੀਂ ਸਮਝਦਾ। ਉਸ ਲਈ ਤਾਂ ਦੁਸਹਿਰਾ ਕੁੱਝ ਮਿੰਟਾਂ ਦਾ ਮਨੋਰੰਜਣ ਬਣ ਕੇ ਰਹਿ ਗਿਆ ਹੈ।

ਚਲੋ... ਦੁਸਹਿਰੇ ਦੇ ਬਹਾਨੇ ਆਪਸੀ ਭਾਈਚਾਰਕ ਸਾਂਝ ਤਾਂ ਪੈਦਾ ਹੁੰਦੀ ਹੈ। ਦੁਸਹਿਰਾ ਮਨਾਉਣਾ ਸਾਡੇ ਲਈ ਫੇਰ ਵੀ ਸਫਲ ਹੀ ਸਮਝਿਆ ਜਾ ਸਕਦਾ ਹੈ, ਜੇਕਰ ਦੁਸਹਿਰਾ ਅਸੀਂ ਆਪਸੀ ਪ੍ਰੇਮ, ਸਦਭਾਵਨਾ ਨਾਲ ਮਿਲ ਕੇ ਮਨਾਈਏ। ਸਮਾਜ ਵਿੱਚੋ ਨਫਰਤ, ਪਾਪ, ਜਬਰ-ਜੁਲਮ, ਹੰਕਾਰ ਦਾ ਖਾਤਮਾ ਕਰਨ ਅਤੇ ਸਰਬੱਤ ਦਾ ਭਲਾ ਕਰਨ ਦਾ ਯਤਨ ਕਰੀਏ।




ਵਿਸ਼ੇਸ਼ ਨੋਟ : 1. 'ਮਹਿਕ ਵਤਨ ਦੀ ਲਾਈਵ' ਪੇਪਰ ਵਿੱਚ ਛਪਣ ਵਾਲੀਆਂ ਸਾਰੀਆਂ ਰਚਨਾਵਾਂ ਵਿੱਚ ਨਾਮ ਅਤੇ ਸਥਾਨ ਫਰਜ਼ੀ ਹੁੰਦੇ ਹਨ। ਜੇਕਰ ਕਿਸੇ ਜਿਉਂਦੇ ਜਾਂ ਮਰ ਚੁੱਕੇ ਵਿਅਕਤੀ ਨਾਲ ਮਿਲ ਜਾਣ ਤਾਂ ਇਹ ਇੱਕ ਸੰਯੋਗ ਹੀ ਸਮਝਣਾ ਚਾਹੀਦਾ ਹੈ ਅਦਾਰਾ ਇਸ ਦਾ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੋਵੇਗਾ। 2. 'ਮਹਿਕ ਵਤਨ ਦੀ ਲਾਈਵ' ਸਿਰਫ ਪੰਜਾਬੀ ਪੇਪਰ ਹੈ ਜਿਸ ਦਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ। 3. ਵਿਦੇਸ਼ਾਂ ਵਿੱਚ ਪੇਪਰ ਮੰਗਵਾਉਣ ਲਈ ਆਪਣਾ ਪਤਾ ਅੰਗੇਰਜ਼ੀ ਦੇ ਵੱਡੇ ਅੱਖਰਾਂ ਵਿੱਚ ਲਿਖ ਕੇ ਭੇਜਿਆ ਜਾਵੇ। 4. ਹਰ ਪ੍ਰਕਾਰ ਦਾ ਚੰਦਾ 'ਮਹਿਕ ਵਤਨ ਦੀ' ਦੇ ਨਾਮ ਤੇ ਭੇਜਿਆ ਜਾਵੇ ਜੋ ਮੋਗਾ ਪੰਜਾਬ ਵਿਚ ਭੁਗਤਾਉਣ ਯੋਗ ਹੋਵੇ। 5. ਇਸ਼ਤਿਹਾਰ ਦੇ ਮੈਟਰ ਬਾਰੇ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 6. 'ਮਹਿਕ ਵਤਨ ਦੀ' ਨਾਲ ਸਬੰਧਤ ਹਰ ਕਿਸਮ ਦੇ ਕਾਨੂੰਨੀ ਝਗੜੇ ਦਾ ਨਿਪਟਾਰਾ ਸਿਰਫ ਜ਼ਿਲ੍ਹਾ ਅਦਾਲਤ ਮੋਗਾ ਵਿੱਚ ਹੀ ਕੀਤਾ ਜਾਵੇਗਾ। 7. ਜੇਕਰ ਕਿਸੇ ਨੂੰ 'ਮਹਿਕ ਵਤਨ ਦੀ ਲਾਈਵ' ਪੇਪਰ ਦੇ ਸਬੰਧਤ ਮੈਟਰ ਤੇ ਕਿਸੇ ਪ੍ਰਕਾਰ ਦਾ ਇਤਰਾਜ਼ ਹੋਵੇ ਤਾਂ ਉਹ ਪੇਪਰ ਛਪਣ ਤੋਂ 15 ਦਿਨਾਂ ਦੇ ਅੰਦਰ -ਅੰਦਰ ਆਪਣੇ ਇਤਰਾਜ਼ ਪ੍ਰਗਟ ਕਰ ਸਕਦਾ ਹੈ ਇਸ ਤੋਂ ਬਾਅਦ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 8. ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਲੇਖਕਾਂ ਪ੍ਰਤੀ 1. 'ਮਹਿਕ ਵਤਨ ਦੀ ਲਾਈਵ' ਲਈ ਰਚਨਾਵਾਂ ਭੇਜਣ ਸਮੇਂ ਲੇਖਕਾਂ ਲਈ ਜ਼ਰੂਰੀ ਹੈ ਕਿ ਆਪਣੀ ਰਚਨਾ ਤਸਦੀਕ ਕਰਕੇ ਭੇਜਣ ਕਿ ਇਹ ਰਚਨਾ ਉਹਨਾਂ ਦੀ ਮੌਲਿਕ ਰਚਨਾ ਹੈ। 2. ਰਚਨਾਵਾਂ ਭੇਜਦੇ ਸਮੇਂ ਉਸ ਦੀ ਕਾਪੀ ਆਪਣੇ ਕੋਲ ਜ਼ਰੂਰ ਰੱਖ ਲਵੋ, ਰਚਨਾ ਵਾਪਸ ਨਹੀਂ ਭੇਜੀ ਜਾਵੇਗੀ, ਨਾ ਛਪਣਯੋਗ ਰਚਨਾ ਉਸ ਸੂਰਤ ਵਿੱਚ ਵਾਪਸ ਭੇਜੀ ਜਾਵੇਗੀ ਅਗਰ ਟਿਕਟ ਲੱਗਾ ਅਡਰੈਸ ਕੀਤਾ ਲਿਫ਼ਾਫਾ ਨਾਲ ਹੋਵੇਗਾ। 3. ਰਚਨਾਵਾਂ ਪੇਜ਼ ਦੇ ਇਕ ਪਾਸੇ ਸਾਫ ਸਾਫ ਕਰਕੇ ਲਿਖੀਆਂ ਜਾਣ ਜਾਂ ਟਾਈਪ ਕਰਕੇ ਭੇਜੀਆਂ ਜਾਣ ਜਾਂ ਈਮੇਲ ਅਡਰੈਸ 'ਤੇ ਭੇਜੀਆਂ ਜਾਣ। 4. ਕਿਸੇ ਵੀ ਲੇਖਕ ਨੂੰ ਉਸ ਦੀਆਂ ਰਚਨਾਵਾਂ ਦੀ ਕੋਈ ਕੀਮਤ ਨਹੀਂ ਦਿੱਤੀ ਜਾਂਦੀ ਹੈ।

ਟਾਈਟਲ ਡਿਜ਼ਾਇਨਿੰਗ : WP&S
ਮੈਗਜ਼ੀਨ, ਕਿਤਾਬਾਂ, ਪੋਸਟਰ, ਕੈਲੰਡਰ, ਸਕੂਲਾਂ ਨਾਲ ਸੰਬੰਧਤ ਹਰ ਤਰ੍ਹਾਂ ਦਾ ਕੰਮ ਕਰਵਾਉਣ ਲਈ ਸੰਪਰਕ ਕਰੋ।
ਮੋ. 98153-78692

**ਵਿਸ਼ੇਸ ਨੋਟ**
'ਮਹਿਕ ਵਤਨ ਦੀ ਲਾਈਵ' ਪੇਪਰ ਸਬੰਧੀ ਹਰ ਪ੍ਰਕਾਰ ਦੀ ਜਾਣਕਾਰੀ ਲਈ
Help Line: (+91) 9988-92-9988 ਤੇ
ਸਿਰਫ ਸਵੇਰੇ 10 ਵਜੇ ਤੋ ਸ਼ਾਮ 5 ਵਜੇ ਤੱਕ
ਹੀ ਸੰਪਰਕ ਕੀਤਾ ਜਾਵੇ।




# ਪੂਰਨਮਾਸ਼ੀ ਦਾ ਦਿਹਾੜਾ ਜੋਤੀ ਜੋਤ ਦਿਵਸ ਨੂੰ ਸਮਰਪਿਤ ਕਰਕੇ ਮਨਾਇਆ ਗਿਆ, 28 ਪ੍ਰਾਣੀ ਗੁਰੂ ਵਾਲੇ ਬਣੇ

## ਸ੍ਰੀ ਗੁਰੂ ਅਮਰਦਾਸ ਜੀ ਨੇ ਅਕਾਲ ਪੁਰਖ ਦੇ ਚਰਨਾਂ ਨਾਲ ਜੁੜਨ ਦਾ ਰਾਹ ਦੱਸਿਆ -ਬਾਬਾ ਗੁਰਦੀਪ ਸਿੰਘ ਜੀ ਚੰਦਪੁਰਾਣਾ



ਮੋਗਾ/ ਭਵਨਦੀਪ ਸਿੰਘ ਪੁਰਬਾ

ਮਾਲਵੇ ਦੇ ਪ੍ਰਸਿੱਧ ਅਤੇ ਪਵਿੱਤਰ ਇਤਿਹਾਸਿਕ ਸਥਾਨ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਤਪ ਅਸਥਾਨ ਸੱਚਖੰਡ ਵਾਸੀ ਬਾਬਾ ਨਛੱਤਰ ਸਿੰਘ ਪਿੰਡ ਚੰਦ ਪੁਰਾਣਾ ਦੇ ਵਿੱਚ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤ ਦਿਵਸ ਨੂੰ ਸਮਰਪਿਤ ਪੂਰਨਮਾਸ਼ੀ ਦਾ ਦਿਹਾੜਾ ਮਨਾਇਆ ਗਿਆ। ਇਸ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਲਾਹੀ ਬਾਣੀ ਦੇ ਤਿੰਨ ਅਖੰਡ ਪਾਠਾਂ ਦੇ ਭੋਗ ਪਾਏ ਗਏ। ਉਪਰੰਤ ਧਾਰਮਿਕ ਦੀਵਾਨ ਸਜੇ ਜਿਸ ਵਿੱਚ ਭਾਈ ਕਮਲਜੀਤ ਸਿੰਘ ਆਲਮ ਵਾਲਾ, ਰਾਗੀ ਜਥਾ ਸਤਪਾਲ ਸਿੰਘ ਬਾਘਾ ਪੁਰਾਣਾ, ਭਾਈ ਜਸਪਾਲ ਸਿੰਘ ਲੱਲਿਆਂ ਵਾਲੇ, ਭਾਈ ਗੁਰਮੁਖ ਸਿੰਘ ਬਹੋਨਾ ਆਦਿ ਜਥਿਆਂ ਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ 28 ਪੁਰਾਣੀਆਂ ਨੇ ਖੰਡੇ ਬਾਟੇ ਦੀ ਪਹੁਲ ਵੀ ਪ੍ਰਾਪਤ ਕੀਤੀ। ਅੰਮ੍ਰਿਤ ਛਕਣ ਵਾਲੇ ਪ੍ਰਾਣੀਆਂ ਨੂੰ ਗੁਰੂ ਘਰ ਵੱਲੋਂ ਵਸਤਰ ਦੇ ਕੇ ਸਨਮਾਨਿਤ ਕੀਤਾ ਗਿਆ।



ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਚਾਰਕ ਭਾਈ ਲਖਬੀਰ ਸਿੰਘ, ਕਵੀਸ਼ਰੀ ਜੱਥਾ ਵੀਰਭਾਨ ਸਿੰਘ ਮਾਲਵਾ ਦੇ ਕਵੀਸ਼ਰੀ ਜੱਥੇ ਨੇ ਵੀ ਸੰਗਤਾਂ ਨੂੰ ਗੁਰੂ ਜਸ ਸੁਣਾਇਆ। ਸੰਗਤਾਂ ਨੇ ਜਿੱਥੇ ਪਵਿੱਤਰ ਸਰੋਵਰ ਦੇ ਵਿੱਚ ਇਸ਼ਨਾਨ ਕੀਤਾ ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਨਤਮਸਤਕ ਹੋ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਇਸ ਮੌਕੇ ਆਈਆਂ ਸੰਗਤਾਂ ਨੂੰ ਸ੍ਰੀ ਗੁਰੂ ਅਮਰਦਾਸ ਜੀ ਦੇ ਜੀਵਨ ਬਾਰੇ ਚਾਨਣਾ ਪਾਉਂਦਿਆਂ ਬਾਬਾ ਗੁਰਦੀਪ ਸਿੰਘ ਜੀ ਨੇ ਕਿਹਾ ਕਿ ਗੁਰੂ ਅਮਰਦਾਸ ਜੀ ਸਾਦੇ ਸੁਭਾਅ, ਸਾਦੇ ਪਹਿਰਾਵੇ, ਸੁਹਿਰਦ ਤੇ ਭਗਤੀ ਭਾਵਨਾ ਵਾਲੇ ਸਨ। ਆਪ ਨੇ ਗ਼ਰੀਬ, ਮਜ਼ਲੂਮ ਤੇ ਦੱਬੇ ਕੁਚਲੇ ਲੋਕਾਂ ਨੂੰ ਮਾਣ-ਸਨਮਾਨ ਬਖ਼ਸ਼ਿਆ ਤੇ ਸੀਨੇ ਨਾਲ ਲਾਇਆ। ਲੰਗਰ ਦੀ ਮਰਿਯਾਦਾ ਵੱਲ ਆਪ ਨੇ ਵਿਸ਼ੇਸ਼ ਧਿਆਨ ਦਿੱਤਾ। ਅਕਬਰ ਬਾਦਸ਼ਾਹ ਨੇ ਵੀ ਪੰਗਤ 'ਚ ਬੈਠ ਕੇ ਲੰਗਰ ਛਕਿਆ ਸੀ। ਆਪ ਨੇ ਸਦੀਆਂ ਤੋਂ ਲਿਤਾੜੇ ਹੋਏ ਮਜ਼ਲੂਮ, ਅਨਪੜ੍ਹ ਤੇ ਗ਼ਰੀਬ ਲੋਕਾਂ ਨੂੰ ਵਹਿਮਾਂ ਭਰਮਾਂ 'ਚੋਂ ਬਾਹਰ ਕੱਢਿਆ ਤੇ ਅਕਾਲ ਪੁਰਖ ਦੇ ਚਰਨਾਂ ਨਾਲ ਜੁੜਨ ਦਾ ਰਾਹ ਦੱਸਿਆ।

ਸਮਾਗਮ ਦੌਰਾਨ ਪੂੜੀਆਂ ਛੋਲਿਆਂ ਦੇ ਲੰਗਰ ਵੀ ਲਗਾਏ ਗਏ। ਇਸ ਸਮਾਗਮ ਵਿੱਚ ਭਾਈ ਕੁਲਬੀਰ ਸਿੰਘ ਜੀ ਕੋਠੇ ਪੱਤੀ ਮੁਹੱਬਤ, ਭਾਈ ਸੁੱਖਾ ਸਿੰਘ ਮੋਗਾ, ਸਟੇਜ ਸਕੱਤਰ ਭਾਈ ਦਰਸ਼ਨ ਸਿੰਘ ਡਰੋਲੀ ਭਾਈ, ਧਰਮ ਸਿੰਘ ਕਾਲੇਕੇ, ਦਵਿੰਦਰ ਸਿੰਘ ਕੋਟ ਕਰੋੜ, ਡਾਕਟਰ ਅਵਤਾਰ ਸਿੰਘ, ਡੀਡੀਪੀਓ ਗੁਰਜੀਤ ਕੌਰ ਮੋਗਾ, ਸੁਖਦੇਵ ਸਿੰਘ ਪਟਵਾਰੀ, ਬਿੱਲੂ ਸਿੰਘ ਚੰਦਪੁਰਾਣਾ, ਗਰਜੀਤ ਸਿੰਘ ਲੰਗੇਆਣਾ, ਹੈਡ ਗ੍ਰੰਥੀ ਸੁੱਚਾ ਸਿੰਘ ਅਤੇ ਭਾਈ ਚਮਕੌਰ ਸਿੰਘ ਸਮੇਤ ਹੋਰ ਵੀ ਵਧੇਰੀ ਗਿਣਤੀ ਸੇਵਾਦਾਰ ਅਤੇ ਸੰਗਤਾਂ ਹਾਜ਼ਰ ਸਨ।

# ਮੁੱਖ ਸੇਵਾਦਾਰ ਬਾਬਾ ਭੋਲਾ ਭਗਤ ਜੀ ਦੀ ਸੁਪਰਸਤੀ ਹੇਠ ਚੁੱਘਾ ਖੁਰਦ ਵਿਖੇ ਮਨਾਇਆ ਗਿਆ ਬਾਬਾ ਸ੍ਰੀ ਚੰਦ ਜੀ ਦਾ ਜਨਮ ਦਿਹਾੜਾ



ਮੋਗਾ/ ਭਵਨਦੀਪ ਸਿੰਘ ਪੁਰਬਾ

ਸ਼੍ਰੀ ਗੁਰੂ ਨਾਨਕਦੇਵ ਜੀ ਮਹਾਰਾਜ ਦੇ ਸਪੁੱਤਰ ਬਾਬਾ ਸ਼੍ਰੀ ਚੰਦ ਜੀ ਦਾ ਜਨਮ ਦਿਹਾੜਾ ਡੇਰਾ ਬਾਬਾ ਸ਼੍ਰੀ ਚੰਦ ਜੀ ਚੁੱਘਾ ਖੁਰਦ ਵਿਖੇ ਮੁੱਖ ਸੇਵਾਦਾਰ ਬਾਬਾ ਭੋਲਾ ਭਗਤ ਜੀ ਦੀ ਸੁਪਰਸਤੀ ਹੇਠ ਬੜੀ ਸ਼ਰਧਾ ਤੇ ਧੂਮ-ਧਾਮ ਨਾਲ ਮਨਾਇਆ ਗਿਆ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੇ ਭੋਗ ਉਪਰੰਤ ਬਾਬਾ ਸ਼੍ਰੀ ਚੰਦ ਜੀ ਦੀ ਆਰਤੀ ਕੀਤੀ ਗਈ। ਉਸ ਤੋਂ ਬਾਅਦ ਧਾਰਮਿਕ ਦੀਵਾਨ ਸਜਿਆ। ਨਾਲ - ਨਾਲ ਚਾਹ ਪਕੋੜੇ, ਜਲੇਬੀਆਂ ਅਤੇ ਗੁਰੂ ਦੇ ਅਟੁੱਟ ਲੰਗਰ ਚੱਲਦੇ ਰਹੇ।

ਇਸ ਮੌਕੇ ਸੰਤ ਬਾਬਾ ਬਾਬਾ ਰਾਮ ਸਿੰਘ ਜੀ ਪੰਜਗਰਾਈ, ਬਾਬਾ ਸੁੰਦਰਦਾਸ ਜੀ ਪੰਜਗਰਾਈ, ਬਾਬਾ ਅਰਵਿੰਦਰ ਸਿੰਘ ਔਲਖ, ਬਾਬਾ ਦਰਸ਼ਨ ਸਿੰਘ ਜੀ ਸਹਿਣਾ, ਬਾਬਾ ਗੁਰਜੰਟ ਸਿੰਘ, ਬਾਬਾ ਇਕਬਾਲ ਦਾਸ ਜੀ, ਬਾਬਾ ਸੋਹਣ ਦਾਸ ਜੀ ਰੌਲੀ, ਬਾਬਾ ਪਵਨਦੀਪ ਸਿੰਘ ਜੀ ਕੜਿਆਲ, ਬਾਬਾ ਸਿਵਰਾਓ ਜੀ ਧਰਮਕੋਟ, ਬਾਬਾ ਭੋਲਾ ਸਿੰਘ ਜੀ ਬੱਡੂਵਾਲ ਵਾਲੇ ਆਦਿ ਮਹਾਪੁਰਖਾਂ ਨੇ ਸੰਗਤਾਂ ਨੂੰ ਨਿਹਾਲ ਕੀਤਾ। ਸਟੇਜ ਦੀ ਸੇਵਾ ਭਾਈ ਦਰਸ਼ਨ ਸਿੰਘ ਲਾਲ ਸੇਰਪੁਰੀ ਨੇ ਬਾਖੂਬੀ ਨਿਭਾਈ।

ਧਾਰਮਿਕ ਦੀਵਾਨ ਵਿੱਚ ਭਾਈ ਗੁਰਬਚਨ ਸਿੰਘ ਸ਼ੇਰਪੁਰੀ, ਭਾਈ ਗੁਰਪ੍ਰੀਤ ਸਿੰਘ ਕੋਮਲ, ਭਾਈ ਗੁਰਮੇਜ ਸਿੰਘ ਧਰਮਕੋਟ, ਭਾਈ ਸਤਨਾਮ ਸਿੰਘ, ਭਾਈ ਜਸਵਿੰਦਰ ਸਿੰਘ, ਭਾਈ ਰੂਪ ਸਿੰਘ, ਭਾਈ ਗੁਰਚਰਨ ਸਿੰਘ ਜੱਸਲ, ਭਾਈ ਦਿਲਬਾਗ ਸਿੰਘ, ਭਾਈ ਰਾਜ ਸਿੰਘ ਤਲਵੰਡੀ, ਭਾਈ ਜਸਵੰਤ ਸਿੰਘ, ਭਾਈ ਰੇਸ਼ਮ ਸਿੰਘ ਕੋਟ, ਭਾਈ ਸਰਵਨ ਸਿੰਘ, ਭਾਈ ਦਰਸ਼ਨ ਸਿੰਘ ਪੰਛੀ, ਭਾਈ ਜਸਪਾਲ ਸਿੰਘ ਅਤੇ ਹੋਰ ਅਨੇਕਾ ਗਾਇਕਾਂ ਨੇ ਧਾਰਮਿਕ ਗੀਤਾਂ ਰਾਹੀ ਆਪਣੀ ਹਾਜਰੀ ਲਗਵਾਈ।

# ਬੇਅਦਬੀ ਅਤੇ ਬਹਿਬਲ ਕੋਟਕਪੂਰਾ ਗੋਲੀ ਕਾਂਢ ਇਨਸਾਫ਼ ਲੈਣ ਲਈ ਕੱਢਿਆ ਵਿਸ਼ਾਲ ਰੋਸ ਮਾਰਚ

## ਦੋਸੀਆਂ ਨੂੰ ਸਜਾ ਦਿਵਾਉਣ ਤੱਕ ਸਾਡਾ ਸੰਘਰਸ ਜਾਰੀ ਰਹੇਗਾ -ਜਥੇ ਅਜਨਾਲਾ, ਸੰਤ ਜੋਗੇਵਾਲਾ, ਸੰਤ ਖੁਖਰਾਣਾ, ਬਾਬਾ ਭਾਈਰੂਪਾ, ਕਾਹਨ ਸਿੰਘ ਵਾਲਾ

ਮੋਗਾ / 12 ਅਕਤੂਬਰ 2023/ ਭਵਨਦੀਪ ਸਿੰਘ ਪੁਰਬਾ, ਰਾਜਿੰਦਰ ਸਿੰਘ ਕੋਟਲਾ




ਅਸੀ ਬੜੇ ਹੀ ਭਰੇ ਮਨ ਦੇ ਨਾਲ ਏਥੇ ਬਰਗਾੜੀ ਦੀ ਧਰਤੀ ਤੇ ਇਕੱਤਰ ਹੋਏ ਹਾਂ ਜੋ ਗਿਆਰਾਂ ਤੇ ਬਾਰਾਂ ਅਕਤੂਬਰ ਦੀ ਸਾਂਝੀ ਰਾਤ ਨੂੰ 2015 ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ਬਰਗਾੜੀ ਦੀਆਂ ਗਲੀਆਂ ਚ ਖਿਲਾਰੇ ਗਏ ਸਨ। ਜਿਸ ਦਾ ਇਨਸਾਫ਼ ਅਜੇ ਤੱਕ ਸਾਨੂੰ ਨਹੀਂ ਮਿਲਿਆ।115 ਅੰਗ ਜੋ ਖਿਲਾਰੇ ਗਏ ਸਨ ਉਹ ਮਿਲੇ, ਪਰ ਦੂਸਰੇ ਬਚੇ ਅੰਗ ਕਿੱਥੇ ਗਏ ਉਹਨਾਂ ਦਾ ਥਹੁ ਪਤਾ ਲਗਾਉਣ ਲਈ ਜੋ ਦੋ ਸਿੰਘ ਉਸ ਸਮੇਂ ਦੀ ਅਕਾਲੀ ਸਰਕਾਰ ਨੇ ਸ਼ਹੀਦ ਕੀਤੇ ਸਨ ਉਹਨਾਂ ਦੇ ਕਾਤਲ ਪੁਲੀਸ ਅਫਸਰਾਂ ਨੂੰ ਸਜ਼ਾਵਾਂ ਦਿਵਾਉਣ ਲਈ ਜੋ ਸ੍ਰੋਮਣੀ ਕਮੇਟੀ ਵੱਲੋਂ 328 ਸਰੂਪ ਗਾਇਬ ਕੀਤੇ ਸਨ।ਉਹਨਾਂ ਦਾ ਥਹੁ ਪਤਾ ਲਾਉਣ ਲਈ ਅਤੇ ਕਲਿਆਣ ਦਾ ਮਸਲਾ ਹੱਲ ਕਰਵਾਉਣ ਵਾਸਤੇ ਸੁੱਤੀ ਸਰਕਾਰ ਨੂੰ ਜਗਾਉਣ ਵਾਸਤੇ ਇੱਕ ਵਿਸ਼ਾਲ ਰੋਸ ਮਾਰਚ ਅੱਜ 12 ਅਕਤੂਬਰ ਨੂੰ ਕੱਢਿਆ ਗਿਆ।ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਵੱਖ ਵੱਖ ਪਿੰਡਾਂ ਚ ਸੰਗਤਾਂ ਦੇ ਭਾਰੀ ਇਕੱਠਾਂ ਨੂੰ ਸੰਬੋਧਨ ਕਰਦਿਆਂ ਸਿੰਘ ਸਾਹਿਬ ਭਾਈ ਅਮਰੀਕ ਸਿੰਘ ਜੀ ਅਜਨਾਲਾ, ਬਾਬਾ ਬਲਦੇਵ ਸਿੰਘ ਜੀ ਜੋਗੇਵਾਲਾ, ਬਾਬਾ ਰੇਸ਼ਮ ਸਿੰਘ ਖੁਖਰਾਣਾ, ਬਾਬਾ ਚਮਕੌਰ ਸਿੰਘ ਭਾਈਰੂਪਾ ਜਸਕਰਨ ਸਿੰਘ ਕਾਹਨ ਸਿੰਘ ਵਾਲਾ,ਬਾਬਾ ਮੇਜਰ ਸਿੰਘ ਪੰਡੋਰੀ, ਜੱਥੇਦਾਰ ਸੁਖਵਿੰਦਰ ਸਿੰਘ ਪਰਧਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਹਰਿਆਣਾ, ਪੰਥਕ ਆਗੂ ਰਣਜੀਤ ਸਿੰਘ ਵਾਂਦਰ ਨੇ ਕੀਤਾ।

ਉਹਨਾਂ ਕਿਹਾ ਕਿ ਸਾਨੂੰ ਜਿਨ੍ਹਾਂ ਚਿਰ ਇਨਸਾਫ਼ ਨਾ ਮਿਲਿਆ ਉਨਾਂ ਚਿਰ ਅਸੀ ਚੈਨ ਨਾਲ ਨਾ ਬੈਠਾਂਗੇ ਨਾ ਸਰਕਾਰਾਂ ਨੂੰ ਬੈਠਣ ਦਿਆਂਗੇ। ਆਪਣੀ ਸਮਰੱਥਾ ਮੁਤਾਬਕ ਇਨਸਾਫ਼ ਮਿਲਣ ਤੱਕ ਸੰਘਰਸ਼ ਜਾਰੀ ਰੱਖਾਂਗੇ। ਇਹਨਾਂ ਮੁੱਦਿਆਂ ਤੇ ਰਾਜਨੀਤੀ ਬਹੁਤ ਹੋ ਚੁੱਕੀ ਹੈ ਹੁਣ ਹੋਰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ ਭਾਈ ਅਮਰੀਕ ਸਿੰਘ ਜੀ ਅਜਨਾਲਾ ਬਾਬਾ ਰੇਸ਼ਮ ਸਿੰਘ ਖੁਖਰਾਣਾ ਨੇ ਅੱਗੇ ਸਪੱਸਟ ਕੀਤਾ ਕਿ ਸਾਡਾ ਕਿਸੇ ਵੀ ਰਾਜਨੀਤਕ ਪਾਰਟੀ ਨਾਲ ਕੋਈ ਵੀ ਸਬੰਧ ਨਹੀਂ, ਸਿੱਖ ਹਿੱਤਾਂ ਵਾਸਤੇ ਅਸੀ ਪਹਿਲਾਂ ਵੀ ਲੜਦੇ ਰਹੇ ਹਾਂ ਹੁਣ ਵੀ ਲੜ ਰਹੇ ਹਾਂ ਅੱਗੇ ਵਾਸਤੇ ਵੀ ਲੜਦੇ ਰਹਾਂਗੇ ਸਰਕਾਰ ਭਾਵੇ ਕਿਸੇ ਦੀ ਹੋਵੇ। ਅਸੀ ਪਹਿਲਾਂ ਰੋਸ ਮਾਰਚ 6 ਸਤੰਬਰ ਨੂੰ ਧਨੌਲਾ ਤੋਂ ਮੁੱਖ ਮੰਤਰੀ ਦੀ ਕੋਠੀ ਸੰਗਰੂਰ ਤੱਕ ਰੱਖਿਆ ਸੀ। ਜੋ ਸਾਨੂੰ ਗੁਰਦੁਆਰਾ ਮਸਤੂਆਣਾ ਸਾਹਿਬ ਕੋਲ ਜ਼ਬਰਦਸਤੀ ਪੁਲੀਸ ਫੋਰਸਾਂ ਲਾ ਕੇ ਰੋਕ ਲਿਆ ਗਿਆ ਅੱਗੇ ਨਹੀ ਜਾਣ ਦਿੱਤਾ ਗਿਆ। ਅਸੀ ਅਜਿਹੀਆਂ ਕਾਰਵਾਈਆਂ ਤੋਂ ਡਰਨ ਤੇ ਘਬਰਾਉਣ ਵਾਲੇ ਨਹੀਂ। ਅਸੀ ਜਬਰ ਦਾ ਮੁਕਾਬਲਾ ਸਰਬ ਨਾਲ ਵੀ ਕਰਨਾ ਜਾਣਦੇ ਹਾਂ। ਪਰ ਜੇ ਸਾਡੇ ਨਾਲ ਇਸੇ ਤਰਾਂ ਧੱਕੇਸ਼ਾਹੀ ਜਾਰੀ ਰੱਖੀ ਤਾਂ ਤਲਵਾਰ ਚੱਕਣ ਤੋਂ ਵੀ ਗਰੇਜ ਨਹੀ ਕਰਾਂਗੇ। ਧਾਰਮਿਕ ਮੁੱਦਿਆਂ ਤੇ ਜਿਨਾਂ ਲੋਕਾਂ ਨੇ ਰਾਜਨੀਤੀ ਕੀਤੀ ਹੈ ਉਹਨਾਂ ਦਾ ਹਸ਼ਰ ਸਭ ਦੇ ਸਾਹਮਣੇ ਹੈ। ਅਕਾਲੀ ਦਲ ਦੀ ਸਰਕਾਰ ਸਮੇਂ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਬੁਰਜ ਜਵਾਹਰ ਸਿੰਘ ਵਾਲੇ ਤੋਂ ਚੋਰੀ ਹੋਏ ਬਰਗਾੜੀ ਚ ਅੰਗ ਖਿਲਾਰੇ ਪਰ ਬਾਦਲ ਸਰਕਾਰ ਅਸਲ ਦੋਸ਼ੀਆਂ ਨੂੰ ਬਚਾਉਣ ਤੋਂ ਇਲਾਵਾ ਬਿਨਾਂ ਮੰਗਿਆਂ ਮੁਆਫ਼ੀਆਂ ਦੁਵਾਉਣ ਤੇ ਲੱਗੀ ਰਹੀ। ਫਿਰ ਕੈਪਟਨ ਦੀ ਕਾਂਗਰਸ ਪਾਰਟੀ ਨੇ ਲੋਕਾਂ ਨਾਲ ਵਾਅਦੇ ਕੀਤੇ ਕਿ ਅਸੀ ਇਨਸਾਫ਼ ਦਿਆਂਗੇ। ਇਹ ਵੀ ਕਿਹਾ ਸੀ ਕਿ ਬਰਗਾੜੀ ਦੀਆਂ ਪੈੜਾਂ ਬਾਦਲ ਦੀ ਕੋਠੀ ਵੱਲ ਜਾਂਦੀਆਂ ਨੇ ਪਰ ਸਾਢੇ ਚਾਰ ਸਾਲ ਉਹਨੇ ਵੀ ਰੱਜ ਕੇ ਰਾਜਨੀਤੀ ਕੀਤੀ। ਅੱਜ ਇਹਨਾਂ ਮੁੱਦਿਆਂ ਤੇ ਰਾਜਨੀਤੀ ਕਰਨ ਵਾਲੀਆਂ ਧਿਰਾਂ ਦਾ ਕੀ ਹਾਲ ਹੈ ਸਭ ਦੇ ਸਾਹਮਣੇ ਹੈ। ਇਸ ਲਈ ਅਸੀ ਮੌਜੂਦਾ ਸਰਕਾਰ ਨੂੰ ਇਹ ਕਹਿਣਾ ਚਹੁੰਦੇ ਹਾਂ ਕਿ ਤੁਸੀ ਵੀ ਵਾਅਦਾ ਕੀਤਾ ਸੀ ਕਿ ਬੇਅਦਬੀ ਕਰਨ ਵਾਲਿਆਂ ਅਤੇ ਸੰਗਤਾਂ ਤੇ ਗੋਲੀ ਚਲਾਉਣ ਵਾਲੇ ਅਤੇ ਦੋ ਸਿੰਘਾਂ ਭਾਈ ਗੁਰਜੀਤ ਸਿੰਘ ਸਰਾਵਾਂ ਭਾਈ ਕ੍ਰਿਸਨਭਗਵਾਨ ਸਿੰਘ ਨੂੰ ਸ਼ਹੀਦ ਕਰਨ ਵਾਲੇ ਪੁਲੀਸ ਅਫਸਰਾਂ ਨੂੰ ਸਜਾਵਾਂ ਦਿਆਂਗੇ। ਪਰ ਹਾਲੇ ਤੱਕ ਕੁਝ ਨਹੀਂ ਹੋਇਆ। ਇਸ ਵਾਸਤੇ ਅਸੀ ਤੁਹਾਨੂੰ ਯਾਦ ਕਰਵਾਉਣ ਦਾ ਜਤਨ ਕਰ ਰਹੇ ਹਾਂ ਕਿ ਇਹਨਾਂ ਮੁੱਦਿਆਂ ਤੋਂ ਪਾਸਾ ਵੱਟ ਤੁਹਾਨੂੰ ਵੀ ਨਹੀਂ ਲੰਘਣ ਦਿਆਂਗੇ। ਨਵੀਂ ਸਰਕਾਰ ਤੋਂ ਲੋਕਾਂ ਨੂੰ ਬਹੁਤ ਹੀ ਆਸਾਂ ਉਮੀਦਾਂ ਸਨ। ਤੁਸੀ ਆਪਣੇ ਵਾਅਦੇ ਮੁਤਾਬਕ ਇਹਨਾਂ ਮਸਲਿਆਂ ਨੂੰ ਹੱਲ ਕਰੋ।

ਇਹ ਮਾਰਚ ਪਿੰਡ ਬਰਗਾੜੀ ਗੁਰਦੁਆਰਾ ਪਾਤਿਸ਼ਾਹੀ ਦਸਵੀਂ ਤੋਂ ਅਰੰਭ ਹੋ ਕੇ ਬੁਰਜ ਜਵਾਹਰ ਸਿੰਘ ਵਾਲਾ, ਸਾਹੋਕੇ, ਮੱਲਕੇ ਅਤੇ ਪੰਜਗਰਾਈ ਹੁੰਦਾ ਹੋਇਆ ਕੋਟਕਪੂਰਾ ਚੌਕ ਚ ਸਮਾਪਤ ਹੋਇਆ। ਇੱਥੇ ਇਹ ਵਰਨਣਯੋਗ ਹੈ ਕਿ ਇਸ ਮਾਰਚ ਵਿੱਚ ਸੰਗਤਾਂ ਨੇ ਬਹੁਤ ਵੱਡੀ ਗਿਣਤੀ ਚ ਸ਼ਮੂਲੀਅਤ ਕੀਤੀ ਅਤੇ ਸੈਂਕੜੇ ਗੱਡੀਆਂ ਦਾ ਕਾਫ਼ਲਾ ਪ੍ਰਬੰਧਕਾਂ ਦੇ ਨਾਲ ਚੱਲ ਰਿਹਾ ਸੀ। ਸਾਰੇ ਪਿੰਡਾਂ ਚ ਜਲ ਪਾਣੀ ਦਾ ਪ੍ਰਬੰਧ ਕੀਤਾ ਹੋਇਆ ਸੀ। ਇਸ ਮੌਕੇ ਭਾਈ ਸੁਖਰਾਜ ਸਿੰਘ ਨਿਆਮੀਵਾਲਾ, ਬਾਬਾ ਮਹਿੰਦਰ ਸਿੰਘ ਜਨੇਰ ,ਬਾਬਾ ਬਚਿੱਤਰ ਸਿੰਘ ਭੜਾਣਾ, ਗਿਆਨੀ ਜਸਵਿੰਦਰ ਸਿੰਘ ਜੀ ਜੋਗੇਵਾਲਾ, ਗਿ: ਹਰਪ੍ਰੀਤ ਸਿੰਘ ਜੋਗੇਵਾਲਾ,ਬਾਬਾ ਸਤਨਾਮ ਸਿੰਘ ਮੋਗਾ, ਪੰਥਕ ਆਗੂ ਜਸਵਿੰਦਰ ਸਿੰਘ ਸਹੋਕੇ,ਭਾਈ ਗੁਰਸੇਵਕ ਸਿੰਘ ਫ਼ੌਜੀ ਮੱਲਕੇ, ਪੰਥਕ ਆਗੂ ਰਣਜੀਤ ਸਿੰਘ ਵਾਂਦਰ, ਗਿਆਨੀ ਪ੍ਰਮਿੰਦਰ ਸਿੰਘ ਮੋਗਾ, ਸਰਪੰਚ ਜਗਤਾਰ ਸਿੰਘ ਲਹੁਕੇ ਖੁਰਦ ,ਗਿਆਨੀ ਅਮਰੀਕ ਸਿੰਘ ਕੱਚਰਭੰਨ, ਬਾਬਾ ਦਰਸ਼ਨ ਸਿੰਘ ਟਿੰਡਵਾਂ, ਬਾਬਾ ਗੁਰਦਿਆਲ ਸਿੰਘ ਲੰਗੇਆਣਾ, ਕੁਲਵੰਤ ਸਿੰਘ ਗਾਦੜੀਵਾਲਾ, ਸਰਪੰਚ ਹਰੀ ਸਿੰਘ, ਬਾਬਾ ਪਰਮਜੀਤ ਸਿੰਘ ਕੱਚਰਭੰਨ, ਸੰਤ ਗਰੀਬਦਾਸ ,ਮਹੰਤ ਕੰਮਲਜੀਤ ਸਿੰਘ ਜੀ ਸ਼ਾਸਤਰੀ, ਮਹੰਤ ਦੀਪਕ ਸਿੰਘ ਜੀ ਦੌਧਰ, ਬਾਬਾ ਮੋਹਨ ਦਾਸ ਬਰਗਾੜੀ, ਬਾਬਾ ਹਰਗੋਬਿੰਦ ਸਿੰਘ ਕੋਰੇਵਾਲਾ, ਜੱਥੇਦਾਰ ਮਹਿੰਦਰ ਸਿੰਘ ਵੱਡਾ ਘਰ, ਪਰਧਾਨ ਵੱਡਾ ਘਰ, ਭਾਈ ਹਰਪ੍ਰੀਤ ਸਿੰਘ ਖੁਖਰਾਣਾ, ਗੁਰਮੀਤ ਸਿੰਘ ਹਕੂਮਤ ਵਾਲਾ, ਕੁਲਵੰਤ ਸਿੰਘ ਖਾਲਸਾ, ਸਿੰਦਰਪਾਲ ਸਿੰਘ ਰਾਜਿਆਣਾ, ਬਾਬਾ ਬਲਜਿੰਦਰ ਸਿੰਘ ਲੱਛਾ ਦਿਆਲਪੁਰਾ ਆਦਿ ਭਾਰੀ ਗਿਣਤੀ ਵਿੱਚ ਸੰਗਤਾਂ ਹਾਜਰ ਸਨ।

# ਜੱਜ ਬਣੀ ਮੋਗਾ ਸ਼ਹਿਰ ਦੀ ਬੇਟੀ ਆਗਿਆਪਾਲ ਕੌਰ ਦਾ ਗੁਰਦੁਆਰਾ ਨਾਮਦੇਵ ਭਵਨ ਮੋਗਾ ਦੀ ਪ੍ਰਬੰਧਕ ਕਮੇਟੀ ਵੱਲੋਂ ਵਿਸ਼ੇਸ਼ ਸਨਮਾਨ

ਮੋਗਾ/ ਮਵਦੀਲਾ ਬਿਓਰੋ



ਗੁਰਦੁਆਰਾ ਨਾਮਦੇਵ ਭਵਨ ਮੋਗਾ ਵਿਖੇ ਸੰਗ੍ਰਾਂਦ ਦੇ ਪਵਿੱਤਰ ਦਿਹਾੜੇ ਤੇ ਜੱਜ ਬਣੀ ਮੋਗਾ ਸ਼ਹਿਰ ਦੀ ਬੇਟੀ ਆਗਿਆਪਾਲ ਕੌਰ ਦਾ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਕਮੇਟੀ ਵੱਲੋਂ ਬੋਲਦਿਆਂ ਸੀਨੀ. ਮੀਤ ਪ੍ਰਧਾਨ ਸ. ਸਰੂਪ ਸਿੰਘ ਨੇ ਕਿਹਾ ਕਿ ਸਾਨੂੰ ਬਹੁੱਤ ਮਾਣ ਹੈ ਕਿ ਸਾਡੀ ਬਰਾਦਰੀ ਦੀ ਬੇਟੀ ਨੇ ਜੱਜ ਬਣਕੇ ਸਾਰੀ ਬਰਾਦਰੀ ਦਾ ਨਾਮ ਰੌਸ਼ਨ ਕੀਤਾ ਹੈ।

ਇਸ ਮੌਕੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਨਵ ਨਿਯੁਕਤ ਜੱਜ ਆਗਿਆਪਾਲ ਕੌਰ ਨੇ ਗੁਰੂ ਮਹਾਰਾਜ ਦਾ ਧੰਨਵਾਦ ਕੀਤਾ ਅਤੇ ਸੰਗਤਾਂ ਦੀ ਹਜ਼ੂਰੀ ਵਿੱਚ ਸ਼੍ਰੀ ਗੁਰੂ ਗ੍ਰੰਥ ਜੀ ਨੂੰ ਅਰਦਾਸ ਕੀਤੀ ਕਿ ਅੱਗੇ ਤੋਂ ਵੀ ਇਸੇ ਤਰ੍ਹਾਂ ਸਿਰ ਤੇ ਮੇਹਰ ਭਰਿਆ ਹੱਥ ਰੱਖਣ ਅਤੇ ਜੋ ਅਹੁੱਦਾ ਉਸ ਨੂੰ ਪ੍ਰਾਪਤ ਹੋਇਆ ਹੈ ਉਸ ਨੂੰ ਉਹ ਨਿਰਸਵਾਰਥ ਨਿਭਾਉਣ ਦਾ ਬਲ ਸਖਸ਼ਣ। ਇਸ ਮੌਕੇ ਮੈਡਮ ਆਗਿਆਪਾਲ ਕੌਰ ਦੇ ਨਾਲ ਉਨ੍ਹਾਂ ਦੇ ਪਿਤਾ ਸ. ਹਰਮੀਤ ਸਿੰਘ ਰਤਨ, ਮਾਤਾ ਸ਼੍ਰੀ ਮਤੀ ਕੁਲਦੀਪ ਕੌਰ, ਅਵਤਾਰ ਸਿੰਘ ਕੈਂਥ ਕਾਉਕੇ ਕਲਾਂ, ਡਾ. ਸੁਰਜੀਤ ਸਿੰਘ ਪੁਰਬਾ, ਡਾ. ਕੁਲਤਾਰ ਸਿੰਘ ਅਤੇ 'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ ਮੁੱਖ ਤੌਰ ਤੇ ਹਾਜਿਰ ਹੋਏ।


ਸਨਮਾਨ ਸਮਾਗਮ ਸਮੇਂ ਜੱਜ ਬਣੀ ਮੋਗਾ ਸ਼ਹਿਰ ਦੀ ਬੇਟੀ ਆਗਿਆਪਾਲ ਕੌਰ ਦੇ ਨਾਲ 'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ ਅਤੇ ਪ੍ਰੀਵਾਰਕ ਮੈਂਬਰ।

ਗੁਰਦੁਆਰਾ ਨਾਮਦੇਵ ਭਵਨ ਮੋਗਾ ਦੀ ਪ੍ਰਬੰਧਕ ਕਮੇਟੀ ਵੱਲੋਂ ਮੁੱਖ ਸੇਵਾਦਾਰ ਗੁਰਪ੍ਰੀਤ ਸਿੰਘ, ਸੀਨੀ. ਮੀਤ ਪ੍ਰਧਾਨ ਸ. ਸਰੂਪ ਸਿੰਘ, ਚੇਅਰਮੈਨ ਅਵਤਾਰ ਸਿੰਘ ਵਹਿਣੀਵਾਲ, ਅਵਤਾਰ ਸਿੰਘ ਸੱਪਲ, ਜਰਨਲ ਸਕੱਤਰ ਕੁਲਵੰਤ ਸਿੰਘ ਨੈਸਲੇ, ਸਕੱਤਰ ਹਰਜਿੰਦਰ ਸਿੰਘ ਨੈਸਲੇ, ਸੁਖਦੇਵ ਸਿੰਘ ਪੁਰਬਾ, ਖਜਾਨਚੀ ਹਰਪ੍ਰੀਤ ਸਿੰਘ ਨਿਜਰ, ਅਵਤਾਰ ਸਿੰਘ ਕਰੀਰ, ਕਮਲਜੀਤ ਸਿੰਘ ਬਿੱਟੂ, ਜਗਪ੍ਰੀਤ ਸਿੰਘ ਨੈਸਲੇ, ਲਖਵੀਰ ਸਿੰਘ ਬਾਬਾ, ਜੋਰਾ ਸਿੰਘ ਜੱਸਲ ਆਦਿ ਵੱਲੋਂ ਆਗਿਆਪਾਲ ਕੌਰ ਨੂੰ ਸਨਮਾਨਿਤ ਕੀਤਾ ਗਿਆ।

# ਸਰਬੱਤ ਦਾ ਭਲਾ ਟਰੱਸਟ ਵੱਲੋਂ ਮੇਅਰ ਬਲਜੀਤ ਸਿੰਘ ਚਾਨੀ ਨੇ 150 ਵਿਧਵਾ ਔਰਤਾਂ ਮਹੀਨਾਵਾਰ ਪੈਨਸ਼ਨਾਂ ਦੇ ਚੈੱਕ ਵੰਡੇ

## ਡਾ. ਐਸ.ਪੀ. ਸਿੰਘ ਉਬਰਾਏ ਜੀ ਨੂੰ ਮੈਂ ਭਾਗਾਂ ਵਾਲਾ ਸਮਝਦਾ ਹਾਂ ਅਤੇ ਉਨ੍ਹਾਂ ਨੂੰ ਸਲਾਮ ਕਰਦਾ ਹਾਂ ਜਿਹੜੇ ਆਪਣੀ ਜੇਬ ਵਿਚੋਂ ਖਰਚ ਕਰ ਕੇ ਇੰਨੀਆਂ ਸੇਵਾਵਾਂ ਨਿਭਾ ਰਹੇ ਹਨ -ਬਲਜੀਤ ਸਿੰਘ ਚਾਨੀ

ਮੋਗਾ/ 20 ਅਕਤੂਬਰ 2023/ ਮਵਦੀਲਾ ਬਿਓਰੋ



ਮੈਂ ਡਾ. ਐਸ.ਪੀ. ਸਿੰਘ ਉਬਰਾਏ ਜੀ ਨੂੰ ਭਾਗਾਂ ਵਾਲਾ ਸਮਝਦਾ ਹਾਂ ਅਤੇ ਉਨ੍ਹਾਂ ਨੂੰ ਸਲਾਮ ਕਰਦਾ ਹਾਂ ਜਿਹੜੇ ਆਪਣੀ ਜੇਬ ਵਿਚੋਂ ਖਰਚ ਕਰ ਕੇ ਇੰਨੀਆਂ ਸੇਵਾਵਾਂ ਨਿਭਾ ਰਹੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਮੋਗਾ ਕਾਰਪੋਰੇਸ਼ਨ ਦੇ ਮੇਅਰ ਸ. ਬਲਜੀਤ ਸਿੰਘ ਚਾਨੀ ਨੇ ਅੱਜ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਜਿਲ੍ਹਾ ਮੁੱਖ ਦਫਤਰ ਵਿਖੇ ਟਰੱਸਟ ਵੱਲੋਂ ਦਿੱਤੀ ਜਾਣ ਵਾਲੀ ਮਹੀਨਾਵਾਰ ਪੈਨਸ਼ਨ ਵੰਡਣ ਮੌਕੇ ਕੀਤਾ। ਉਨ੍ਹਾਂ ਨੇ ਕਿਹਾ ਕਿ ਓਬਰਾਏ ਸਾਹਿਬ ਦੀ ਬਹੁੱਤ ਵਧੀਆ ਸੋਚ ਹੈ ਜੋ ਉਹ ਹਮੇਸ਼ਾ ਲੋੜਵੰਦ ਲੋਕਾਂ ਨਾਲ ਖੜ੍ਹਦੇ ਹਨ। ਇਸ ਸਮਾਗਮ ਵਿੱਚ ਟਰੱਸਟ ਦੇ ਚੇਅਰਮੈਨ ਹਰਜਿੰਦਰ ਸਿੰਘ ਚੁਗਾਵਾਂ ਨੇ ਸਮੂੰਹ ਟਰੱਸਟੀਆਂ ਵੱਲੋ ਮੇਅਰ ਸ. ਬਲਜੀਤ ਸਿੰਘ ਚਾਨੀ ਨੂੰ ਜੀ ਆਇਆ ਆਖਿਆ ਅਤੇ ਉਨ੍ਹਾਂ ਨੇ ਟਰੱਸਟ ਦੇ ਕੰਮਾਂ ਕਾਰਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ।

ਚੈੱਕ ਵੰਡ ਸਮਾਗਮ ਬਾਰੇ ਜਾਣਕਾਰੀ ਦਿੰਦਿਆਂ ਸਰਬੱਤ ਦਾ ਭਲਾ ਟਰੱਸਟ ਮੋਗਾ ਇਕਾਈ ਦੇ ਜਿਲ੍ਹਾ ਪ੍ਰੈਸ ਸਕੱਤਰ ਭਵਨਦੀਪ ਸਿੰਘ ਪੁਰਬਾ ਨੇ ਦੱਸਿਆ ਕਿ ਟਰੱਸਟ ਦੇ ਕਾਰਜਕਾਰੀ ਪ੍ਰਧਾਨ ਰਣਜੀਤ ਸਿੰਘ ਧਾਲੀਵਾਲ ਦੀ ਪ੍ਰਧਾਨਗੀ ਹੇਠ ਚੈੱਕਵੰਡ ਸਮਾਰੋਹ ਹੋਇਆ ਜਿਸ ਵਿੱਚ ਮੋਗਾ ਕਾਰਪੋਰੇਸ਼ਨ ਦੇ ਮੇਅਰ ਸ. ਬਲਜੀਤ ਸਿੰਘ ਚਾਨੀ ਮੁੱਖ ਮਹਿਮਾਨ ਦੇ ਤੌਰ ਤੇ ਹਾਜਰ ਹੋਏ ਅਤੇ ਉਨ੍ਹਾਂ ਨੇ ਅੱਜ ਹਾਜਰ ਹੋਈਆਂ ਲਾਭਪਾਤਰੀ ਔਰਤਾਂ ਨੂੰ ਇਹ ਪੈਨਸ਼ਨ ਦੇ ਚੈੱਕ ਭੇਂਟ ਕੀਤੇ। ਉਨ੍ਹਾਂ ਨੇ ਦੱਸਿਆ ਕਿ ਸਰਬੱਤ ਦਾ ਭਲਾ ਟਰੱਸਟ ਵੱਲੋਂ ਡਾ. ਐਸ.ਪੀ. ਸਿੰਘ ਉਬਰਾਏ ਜੀ ਦੀ ਅਗਵਾਈ ਵਿੱਚ 150 ਦੇ ਕਰੀਬ ਵਿਧਵਾ ਔਰਤਾਂ ਨੂੰ ਉਹਨਾਂ ਦੇ ਬੱਚਿਆਂ ਦੀ ਪੜ੍ਹਾਈ ਲਿਖਾਈ ਲਈ ਪਿਛਲੇ ਨੌਂ ਸਾਲ ਤੋਂ ਹਰ ਮਹੀਨੇ ਪੈਨਸ਼ਨ ਦਿੱਤੀ ਜਾ ਰਹੀ ਹੈ। ਇਸੇ ਕੜੀ ਤਹਿਤ ਅੱਜ ਸਰਬੱਤ ਦਾ ਭਲਾ ਟਰੱਸਟ ਦੇ ਟਰੱਸਟੀਆਂ ਵੱਲੋਂ 150 ਦੇ ਕਰੀਬ ਵਿਧਵਾ ਔਰਤਾਂ ਨੂੰ ਚੈੱਕ ਵੰਡੇ ਗਏ ਹਨ। ਅੱਜ ਹਾਜਰ ਹੋਈਆਂ ਲਾਭਪਾਤਰੀ ਔਰਤਾਂ ਵੱਲੋਂ ਇਹ ਪੈਨਸ਼ਨ ਦੇ ਚੈੱਕ ਹਾਸਿਲ ਕਰ ਲਏ ਗਏ ਹਨ, ਬਾਕੀ ਰਹਿੰਦੀਆਂ ਲਾਭਪਾਤਰੀ ਔਰਤਾਂ ਜਿਲ੍ਹਾ ਦਫਤਰ ਤੋਂ ਆਪਣੇ ਚੈੱਕ ਹਾਸਿਲ ਕਰ ਲੈਣਗੀਆਂ



ਇਸ ਮੌਕੇ ਉੱਕਤ ਚੇਅਰਮੈਨ ਹਰਜਿੰਦਰ ਸਿੰਘ ਚੁਗਾਵਾਂ, ਪ੍ਰਧਾਨ ਰਣਜੀਤ ਸਿੰਘ ਧਾਲੀਵਾਲ, ਜਿਲ੍ਹਾ ਪ੍ਰੈਸ ਸਕੱਤਰ ਭਵਨਦੀਪ ਸਿੰਘ ਪੁਰਬਾ ਤੋਂ ਇਲਾਵਾ ਕੌਂਸਲਰ ਜਗਸ਼ੀਰ ਸਿੰਘ ਹੁੰਦਲ, ਰੂਰਲ ਐਨ.ਜੀ.ਓ. ਕਲੱਬਜ ਐਸੋਸ਼ੀਏਸ਼ਨ ਦੇ ਜਿਲ੍ਹਾ ਪ੍ਰਧਾਨ ਤੇ ਟਰੱਸਟੀ ਸ. ਹਰਭਿੰਦਰ ਸਿੰਘ ਜਾਨੀਆ, ਸਿਟੀ ਪ੍ਰਧਾਨ ਤੇ ਟਰੱਸਟੀ ਸ. ਸੁਖਦੇਵ ਸਿੰਘ ਬਰਾੜ, ਟਰੱਸਟ ਦੇ ਖਜਾਨਚੀ ਗੋਕਲ ਚੰਦ ਬੁੱਘੀਪੁਰਾ, ਟਰੱਸਟੀ ਦਵਿੰਦਰਜੀਤ ਸਿੰਘ ਗਿੱਲ, ਟਰੱਸਟੀ ਸ. ਦਰਸ਼ਨ ਸਿੰਘ ਲੋਪੋ, ਟਰੱਸਟੀ ਮੈਡਮ ਨਰਜੀਤ ਕੌਰ ਬਰਾੜ, ਰਾਮ ਸਿੰਘ ਜਾਨੀਆ, ਜਸਵੀਰ ਸਿੰਘ ਦੀਨਾ ਸਾਹਿਬ, ਦਫਤਰ ਇੰਚਾਰਜ ਮੈਡਮ ਜਸਵੀਰ ਕੌਰ ਆਦਿ ਅਤੇ ਲਾਭਪਾਤਰੀ ਔਰਤਾਂ ਮੁੱਖ ਤੌਰ ਤੇ ਹਾਜਰ ਸਨ।




# ਅਗਰਵਾਲ ਵੂਮੈਨ ਸੈੱਲ ਦੀ ਪ੍ਰਦਰਸ਼ਨੀ ਵਿੱਚ 'ਮਹਿਕ ਵਤਨ ਦੀ ਲਾਈਵ' ਬਿਓਰੋ ਅਤੇ ਰੂਰਲ ਐਨ.ਜੀ.ਓ. ਵੱਲੋਂ ਕਿਰਤੀ ਔਰਤਾਂ ਦਾ ਸਨਮਾਨ

## ਭਵਿੱਖ ਵਿੱਚ ਵੀ ਔਰਤਾਂ ਦੀ ਤਰੱਕੀ ਲਈ ਅਜਿਹੇ ਧਮਾਕੇਦਾਰ ਪ੍ਰੋਗਰਾਮਾਂ ਦਾ ਆਯੋਜਨ ਕਰਦੇ ਰਹਾਂਗੇ -ਲਵਲੀ ਸਿੰਗਲਾ



ਮੋਗਾ/ 20 ਅਕਤੂਬਰ 2023/ ਮਵਦੀਲਾ ਬਿਓਰੋ

ਅਗਰਵਾਲ ਵੂਮੈਨ ਸੈੱਲ ਦੇ ਪ੍ਰਧਾਨ ਲਵਲੀ ਸਿੰਗਲਾ ਦੀ ਸ੍ਰਪਰਸਤੀ ਹੇਠ ਕਿਰਤੀ ਔਰਤਾਂ ਵੱਲੋਂ ਤਿਆਰ ਕੀਤੇ ਗਏ ਸਮਾਨ ਅਤੇ ਕੁੱਝ ਕੰਪਨੀਆਂ ਦੇ ਵਧੀਆਂ ਕਰਵਾ ਚੌਥ ਅਤੇ ਦੀਵਾਲੀ ਦੇ ਸਮਾਨ ਦੀ ਵਿਸ਼ੇਸ਼ ਪ੍ਰਦਰਸ਼ਨੀ ਲਗਾਈ ਗਈ ਜਿਸ ਵਿੱਚ 50 ਸਟਾਲਰਜ ਨੇ ਭਾਗ ਲਿਆ। ਜਿਸ ਵਿੱਚ ਸੂਟ, ਸਾੜੀਆਂ, ਗਹਿਣੇ, ਮੇਕਅੱਪ ਆਈਟਮਾਂ, ਪੰਜਾਬੀ ਜੁੱਤੀਆਂ ਅਤੇ ਹੋਰ ਕਈ ਸਜਾਵਟੀ ਸਮਾਨ ਰੱਖਿਆ ਗਿਆ ਸੀ। ਸਿਹਤ ਨਾਲ ਸਬੰਧਤ ਉਤਪਾਦਾਂ ਦੇ ਸਟਾਲ ਵੀ ਲਗਾਏ ਗਏ। ਏ ਟੂ ਜੈਡ ਫੋਟੋ ਪਲਾਜ਼ਾ ਵੱਲੋਂ ਹੈਂਡ ਕਾਸਟਿੰਗ ਸਟਾਲ ਲਗਾਇਆ ਗਿਆ। ਦੀਵੇ, ਹਟੜੀ, ਦੀਵਾਲੀ ਅਤੇ ਕਰਵਾ ਚੌਥ ਦੇ ਤਿਉਹਾਰਾਂ ਨਾਲ ਸਬੰਧਤ ਕਈ ਮਿੱਟੀ ਦੀਆਂ ਵਸਤੂਆਂ ਦੀਆਂ ਦੁਕਾਨਾ ਵੀ ਲਗਾਈਆਂ ਗਈਆਂ ਅਤੇ ਹਰ ਆਉਣ ਵਾਲੇ ਗਾਹਕ ਨੂੰ 10 ਦੀਵੇ ਲੈਣ ਲਈ ਕਿਹਾ ਗਿਆ।

ਇਸ ਪ੍ਰਦਰਸ਼ਨੀ ਵਿੱਚ ਸਮਾਨ ਨੂੰ ਤਿਆਰ ਕਰਨ ਵਾਲੀਆਂ ਔਰਤਾ ਅਤੇ ਇਨ੍ਹਾਂ ਸਟਾਲਾ ਦਾ ਸੁਚੱਜਾ ਪ੍ਰਬੰਧ ਕਰਨ ਵਾਲੀਆਂ ਔਰਤਾਂ ਨੂੰ ਉਤਸਾਹਿਤ ਕਰਨ, ਪੰਜਾਬੀ ਸਾਹਿਤ ਨੂੰ ਪ੍ਰਫੁਲਤ ਕਰਨ ਅਤੇ ਉਨ੍ਹਾਂ ਨੂੰ ਰੂਰਲ ਐਨ.ਜੀ.ਓ. ਦੀਆਂ ਸੇਵਾਵਾ ਬਾਰੇ ਜਾਣਕਾਰੀ ਦੇਣ ਲਈ 'ਮਹਿਕ ਵਤਨ ਦੀ ਲਾਈਵ' ਬਿਓਰੋ ਅਤੇ ਰੂਰਲ ਐਨ.ਜੀ.ਓ. ਵੱਲੋਂ ਸਟਾਲਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਉਨ੍ਹਾਂ ਦਾ ਮਾਣ ਵਧਾਇਆ ਗਿਆ। ਮੋਗਾ ਵਿਖੇ ਪਹਿਲੀ ਵਾਰ ਲਗਾਈ ਗਈ ਇਸ ਪ੍ਰਦਰਸ਼ਨੀ ਦੀ ਸ਼ਲਾਘਾ ਕਰਦਿਆਂ ਮੁੱਖ ਸੰਪਾਦਕ ਅਤੇ ਜਿਲ੍ਹਾ ਪ੍ਰੈਸ ਸਕੱਤਰ ਭਵਨਦੀਪ ਸਿੰਘ ਪੁਰਬਾ ਨੇ ਕਿਹਾ ਕਿ ਸਮੇਂ-ਸਮੇਂ 'ਤੇ ਅਜਿਹੀਆਂ ਪ੍ਰਦਰਸ਼ਨੀਆਂ ਲਗਾਈਆਂ ਜਾਣੀਆਂ ਚਾਹੀਦੀਆਂ ਹਨ ਜਿਸ ਨਾਲ ਔਰਤਾਂ ਦਾ ਮਨੋਬਲ ਉੱਚਾ ਹੁੰਦਾ ਹੈ। ਇਸ ਨਾਲ ਉਨ੍ਹਾਂ ਨੂੰ ਆਪਣੇ ਕਾਰੋਬਾਰ ਨੂੰ ਹੋਰ ਵਧਾਉਣ ਦਾ ਬਲ ਮਿਲਦਾ ਹੈ।

ਇਸ ਪ੍ਰਦਰਸ਼ਨੀ ਵਿੱਚ ਮੇਅਰ ਸ. ਬਲਜੀਤ ਸਿੰਘ ਚਾਨੀ, 'ਮਹਿਕ ਵਤਨ ਦੀ ਲਾਈਵ ਬਿਓਰੋ ਦੇ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ, ਉੱਪ ਮੁੱਖ ਸੰਪਾਦਕ ਮੈਡਮ ਭਾਗਵੰਤੀ ਪੁਰਬਾ, ਸਰਬੱਤ ਦਾ ਭਲਾ ਟਰੱਸਟ ਦੇ ਚੇਅਰਮੈਨ ਹਰਜਿੰਦਰ ਸਿੰਘ ਚੁਗਾਵਾਂ, ਟਰੱਸਟੀ ਮੈਡਮ ਨਰਜੀਤ ਕੌਰ ਬਰਾੜ, ਰੂਰਲ ਐਨ.ਜੀ.ਓ. ਦੇ ਜਿਲ੍ਹਾ ਪ੍ਰਧਾਨ ਹਰਭਿੰਦਰ ਸਿੰਘ ਜਾਨੀਆ, ਸਿਟੀ ਪ੍ਰਧਾਨ ਸੁਖਦੇਵ ਸਿੰਘ ਬਰਾੜ, ਰਾਮ ਸਿੰਘ ਜਾਨੀਆ, ਬਾਲ ਕਲਾਕਾਰ ਏਕਮਜੋਤ ਸਿੰਘ ਪੁਰਬਾ, ਬੇਬੀ ਉਮੰਗਦੀਪ ਕੌਰ ਪੁਰਬਾ, ਹੈਰੀ ਬੇਦੀ, ਮੋਗਾ ਦੀਆਂ ਹੋਰ ਸੰਸਥਾਵਾਂ ਦੇ ਨੁਮਾਇੰਦੇ ਭਾਰਤੀ ਸੂਦ, ਰਚਿਤਾ ਬਾਂਸਲ, ਰਾਜਸ਼੍ਰੀ, ਭਵਦੀਪ ਕੋਹਲੀ, ਗਗਨ ਆਦਿ ਸਾਰੇ ਇਸ ਪ੍ਰਦਰਸ਼ਨੀ ਨੂੰ ਦੇਖਣ ਲਈ ਪਹੁੰਚੇ ਅਤੇ ਉਨ੍ਹਾਂ ਨੇ ਜ਼ਿਲ੍ਹਾ ਪ੍ਰਧਾਨ ਲਵਲੀ ਸਿੰਗਲਾ ਦਾ ਸਨਮਾਨ ਕੀਤਾ।

ਲਵਲੀ ਸਿੰਗਲਾ ਦੀ ਸਮੁੱਚੀ ਟੀਮ ਨੇ ਇਸ ਸਮਾਗਮ ਨੂੰ ਬਹੁਤ ਵਧੀਆ ਢੰਗ ਨਾਲ ਸੰਭਾਲਿਆ ਅਤੇ ਸਾਰੇ ਸਟਾਲਾਂ ਲਈ ਸਹਿਯੋਗ ਦਿੱਤਾ। ਕੇਦਾਰਨਾਥ ਧਰਮਸ਼ਾਲਾ ਦੇ ਮਾਲਕ ਮੋਨੂੰ ਜੀ ਅਤੇ ਅਮਿਤ ਜੀ ਨੇ ਵੀ ਇਸ ਪ੍ਰੋਗਰਾਮ ਵਿੱਚ ਆਪਣਾ ਪੂਰਾ ਸਹਿਯੋਗ ਦਿੱਤਾ। ਅਗਰਵਾਲ ਸਮਾਜ ਮਹਿਲਾ ਸੈੱਲ ਦੇ ਮੌਜੂਦਾ ਮੈਂਬਰ ਅੰਜੂ ਗੋਇਲ, ਸਮ੍ਰਿਧੀ, ਕੰਚਨ ਗੋਇਲ, ਨਿਸ਼ਾ ਸਿੰਗਲਾ, ਸ਼ਬਨਮ ਮੰਗਲ, ਨਮਿਤਾ, ਹਿਨਾ ਗੋਇਲ, ਰਵਿਤਾ, ਪਰਿੰਕਲ, ਅਮੀਸ਼ਾ ਸੁਨੈਨਾ, ਪ੍ਰੀਤੀ, ਰਿੰਕਲ ਗੁਪਤਾ, ਡਾ: ਇੰਦੂ, ਡਿੰਪਲ, ਮੀਨੂੰ, ਰਜਨੀ ਸੋਨੀਆ, ਪੂਨਮ ਅਤੇ ਚੰਚਲ ਨੇ ਆਪਣਾ ਪੂਰਾ ਯੋਗਦਾਨ ਪਾਇਆ।

ਲਵਲੀ ਸਿੰਗਲ ਨੇ ਦੱਸਿਆ ਕਿ ਉਹ ਭਵਿੱਖ ਵਿੱਚ ਵੀ ਔਰਤਾਂ ਦੀ ਤਰੱਕੀ ਲਈ ਅਜਿਹੇ ਧਮਾਕੇਦਾਰ ਪ੍ਰੋਗਰਾਮਾਂ ਦਾ ਆਯੋਜਨ ਕਰਦੇ ਰਹਿਣਗੇ ਜਿਸ ਨਾਲ ਔਰਤਾਂ ਦੇ ਮਾਣ-ਸਨਮਾਨ ਵਿੱਚ ਵਾਧਾ ਹੋਵੇਗਾ।






# ਸਖੀਓ ਸਹੇਲੜੀਓ



ਕਦੇ ਕਦਾਈਂ ਸਹੁਰੇ ਪਿੰਡ ਦੀਆਂ ਕੁੜੀਆਂ ਪਿੰਡ ਗਿਆਂ ਨੂੰ ਜਾਂ ਕਦੇ ਕਿਤੇ ਸ਼ਹਿਰ ਬਜ਼ਾਰ ਵਿਚ ਮਿਲਦਿਆਂ ਜਦੋਂ ਤਾਈ ਜੀ ਚਾਚੀ ਜੀ ਕਹਿ ਕੇ, ਗਲ ਲੱਗਦੀਆਂ ਨੇ ਤਾਂ ਰੂਹ ਨੂੰ ਜਿਵੇਂ ਇਕ ਰੱਜ ਜਿਹਾ ਆ ਜਾਂਦਾ ਹੈ। ਅੱਜ ਤੋਂ 25-30 ਸਾਲ ਪਹਿਲਾਂ ਵਾਲੀਆਂ ਬਾਲੜੀਆਂ ਜਿਹੀਆਂ ਗਲ਼ੀ ਗੁਆਂਢ ਦੀਆਂ ਨਣਦਾਂ ਜਦੋਂ ਕਦੇ 'ਭਾਬੀ' ਕਹਿ ਕੇ ਬੁਲਾਉਂਦੀਆਂ ਨੇ ਜਿਵੇਂ ਇਕ ਤਰ੍ਹਾਂ ਸਮਾਂ ਵੀ ਰੁਕ ਜਾਂਦਾ ਹੈ। ਉਹ ਬਾਲੜੀਆਂ ਭਰ ਜੁਆਨ ਔਰਤਾਂ ਬਣੀਆਂ ਮੈਨੂੰ ਸੁਪਨਾ ਜਿਹਾ ਲੱਗਦੀਆਂ ਨੇ, ਉਨ੍ਹਾਂ ਦਾ ਮੋਹ ਭਰਿਆ ਕਲ਼ਾਵਾ ਓਦਰੀ ਜਿਹੀ ਜ਼ਿੰਦਗੀ 'ਚ ਕੁਝ ਪਲ ਖੇੜਾ ਬਖ਼ਸ਼ ਜਾਂਦਾ ਹੈ। ਇਸੇ ਤਰ੍ਹਾਂ ਪੇਕੇ ਪਿੰਡ ਸ਼ਰੀਕੇ ਭਾਈਚਾਰੇ ਤੋਂ ਬਿਨਾਂ ਗੁਆਂਢ ਮੱਥੇ ਦੀਆਂ ਬਹੁਤ ਸਾਰੀਆਂ ਨੂੰਹਾਂ ਧੀਆਂ ਹੁਣ ਵੀ ਮਿਲ ਜਾਂਦੀਆਂ ਨੇ। ਭਾਵੇਂ ਉਹ ਰਿਸ਼ਤੇ ਅਤੇ ਪੀੜ੍ਹੀਆਂ ਦੇ ਹਿਸਾਬ ਮੇਰੀਆਂ ਭਤੀਜ ਨੂੰਹਾਂ ਜਾਂ ਅੱਗੋਂ ਉਨ੍ਹਾਂ ਦੀਆਂ ਵੀ ਨੂੰਹਾਂ ਨੇ ਪਰ ਮੈਂ ਉਮਰ 'ਚ ਵੱਡੀਆਂ ਹੋਣ ਕਰਕੇ ਆਦਰ ਵਜੋਂ ਉਨ੍ਹਾਂ ਨੂੰ ਭਾਬੀ ਹੀ ਆਖਦੀ ਸਾਂ ਤੇ ਉਹ ਮੈਨੂੰ ਬੀਬੀ ਜਾਂ ਭੂਆ ਜੀ ਸੱਦਦੀਆਂ ਸਨ। ਹੁਣ ਇਸ ਆਧੁਨਿਕ ਯੁੱਗ ਵਿਚ ਸਭ ਦੇ ਸਭ ਰਿਸ਼ਤੇ ਆਂਟੀ ਅੰਕਲ ਦੇ ਗਲਾਫ਼ ਵਿਚ ਢਕੇ ਗਏ ਨੇ ਤੇ ਸ਼ਾਇਦ ਰਿਸ਼ਤਿਆਂ ਵਿਚੋਂ ਅਪਣੱਤ ਤੇ ਮੋਹ ਦੀ ਮਹਿਕ ਇਸੇ ਲਈ ਮੁੱਕਦੀ ਜਾਂਦੀ ਹੈ। ਅੱਗੋ ਪਿਓ ਦੇ ਦੋਸਤ ਨੂੰ ਤਾਇਆ ਜੀ, ਚਾਚਾ ਜੀ ਅਤੇ ਮਾਂ ਦੀ ਸਹੇਲੀ ਨੂੰ ਮਾਸੀ ਜਾ ਕਿਹਾ ਜਾਂਦਾ ਸੀ। ਆਪਣੇ ਦੋਸਤਾਂ ਸਹੇਲੀਆਂ ਦੇ ਮਾਪਿਆਂ ਨੂੰ ਜੋ ਉਹ ਆਪ ਸੰਬੋਧਨ ਕਰਦੇ ਸਨ ਉਹੀ ਸਾਰੇ ਕਹਿੰਦੇ ਸਨ। ਕਦੇ ਕੋਈ ਆਂਟੀ-ਅੰਕਲ ਨਹੀਂ ਸੀ ਕਹਿੰਦਾ ਦੋਸਤਾਂ ਸਹੇਲੀਆਂ ਦੇ ਮਾਪੇ ਇਕ ਦੂਜੇ ਨਾਲ ਗੂੜ੍ਹੀਆਂ ਸਕੀਰੀਆਂ ਵਾਂਗ ਵਰਤਦੇ ਭਾਵੇਂ ਦੋਸਤ ਜਾਂ ਸਹੇਲੀਆਂ ਗਿਣਤੀ ਦੇ ਹੀ ਹੁੰਦੇ ਪਰ ਹੁੰਦੇ ਨਿਭਣ ਵਾਲੇ। ਅੱਜ ਵਾਂਗ ਟੋਲਿਆਂ ਦੇ ਟੋਲੇ ਤੇ ਰੁੱਤਾਂ ਦੇ ਬਦਲਣ ਵਾਂਗ ਬਦਲਣ ਵਾਲੇ ਦੋਸਤ ਮਿੱਤਰ ਨਹੀਂ ਸੀ ਹੁੰਦੇ।

ਯਾਦਾਂ ਦੇ ਵਹੀ ਖਾਤੇ ਫਰੋਲ਼ੀ ਬੈਠੀ ਨੂੰ ਜਿੱਥੇ ਮੈਨੂੰ ਆਪਣੇ ਬਚਪਨ ਦੀਆਂ ਤਿੰਨ ਸਹੇਲੀਆਂ ਅਮਰ, ਸੱਤਿਆ ਤੇ ਵਿੰਦਰ ਯਾਦ ਆਉਂਦੀਆਂ ਨੇ ਜੋ ਮੇਰੇ ਬੱਚਿਆਂ ਦੀਆਂ ਨਾਂ ਦੀਆਂ ਹੀ ਮਾਸੀਆਂ ਨਹੀਂ ਵਰਤਣ ਨਿਭਣ ਵਾਲੀਆਂ ਮਾਸੀਆਂ ਵੀ ਨੇ, ਮੇਰੇ ਬੱਚੇ ਅੱਜ ਵੀ ਉਨ੍ਹਾਂ ਨੂੰ 'ਮਾਸੀ ਜੀ' ਕਹਿੰਦੇ ਨੇ। ਉਥੇ ਸਭ ਤੋਂ ਵੱਧ ਮੈਨੂੰ ਬੀ-ਜੀ ਦੀ ਸਹੇਲੀ ਯਾਦ ਆਉਂਦੀ ਹੈ ਉਂਜ ਤਾਂ ਮੈਂ ਉਨ੍ਹਾਂ ਨੂੰ ਕਦੇ ਵੀ ਨਹੀਂ ਭੁੱਲੀ। ਮੈਂ ਬਹੁਤ ਛੋਟੀ ਸਾਂ ਮੇਰੇ ਪਿਤਾ ਜੀ ਬਠਿੰਡੇ ਜ਼ਿਲ੍ਹੇ ਦੇ ਫੂਲ ਥਾਣੇ ਵਿਚ ਥਾਣੇਦਾਰ ਸਨ ਤੇ ਨਾਲ ਲੱਗਦੇ ਸ਼ਹਿਰ ਰਾਮਪੁਰੇ ਵਿਚ ਸਰਹਿੰਦ ਸ਼ਹਿਰ ਜਿਸਨੂੰ ਪੁਰਾਣੀ ਸਰਹਿੰਦ ਵੀ ਕਿਹਾ ਜਾਂਦਾ ਹੈ ਤੋਂ ਇਕ ਅਮਰ ਨਾਥ ਧੀਮਾਨ ਨਾਂ ਦੇ ਸੱਜਣ ਨਾਜਰ ਦੀ ਪੋਸਟ ਤੇ ਸਨ। ਕਿਸੇ ਮੀਟਿੰਗ ਵਿਚ ਮੇਰੇ ਪਿਤਾ ਜੀ ਦਾ ਤੇ ਉਨ੍ਹਾਂ ਦਾ ਮੇਲ ਹੋਇਆ, ਗੱਲਾਂ ਗੱਲਾਂ ਵਿਚ ਪਤਾ ਲੱਗਾ ਕਿ ਦੋਵੇਂ ਇਕ ਜ਼ਿਲ੍ਹੇ ਦੇ ਹਨ। ਉਹ ਮੇਲ ਉਮਰਾਂ ਦੀ ਨੇੜਤਾ ਹੋ ਨਿਬੜਿਆ। ਰਾਮਪੁਰਾ ਫੂਲ ਨੇੜੇ-ਨੇੜੇ ਨੇ। ਉਹ ਆਪਣੀ ਪਤਨੀ ਪ੍ਰਕਾਸ਼ ਵਤੀ ਨੂੰ ਲੈ ਕੇ ਸਾਡੇ ਘਰ ਆਏ। ਉਸ ਤੋਂ ਬਾਅਦ ਬੀ-ਜੀ ਸਾਰੀ ਉਮਰ ਉਨ੍ਹਾਂ ਨਾਲ ਭੈਣਾਂ ਵਾਂਗ ਵਰਤਦੇ ਰਹੇ। ਅਸੀਂ ਸਾਰੇ ਭੈਣ-ਭਰਾ ਉਨ੍ਹਾਂ ਨੂੰ ਮਾਸੀ ਜੀ ਹੀ ਕਹਿੰਦੇ ਹਾਂ। ਮੇਰੇ ਘਰ ਜੁੜਵਾਂ ਧੀਆਂ ਹੋਈਆਂ ਤਾਂ ਮਾਂ ਤੋਂ ਪਹਿਲਾਂ ਮਾਸੀ ਮੇਰੀ ਸੇਵਾ ਸੰਭਾਲ ਲਈ ਹਾਜ਼ਰ ਸੀ। ਦੋ ਮਹੀਨੇ ਉਨ੍ਹਾਂ ਮੇਰੀ ਮਾਂ ਦੇ ਨਾਲ ਮੇਰੀ ਤੇ ਮੇਰੇ ਘਰ ਦੀ ਦੇਖਭਾਲ ਕੀਤੀ। ਖਰਾਬ ਸਿਹਤ ਅਤੇ ਬਿਰਧ ਅਵਸਥਾ ਹੋਣ ਤੇ ਵੀ ਉਹ ਮੇਰੇ ਰਾਜੇ ਪੁੱਤ ਦੇ ਤੁਰ ਜਾਣ ਤੇ ਡਿੱਗਦੀ ਢਹਿੰਦੀ ਮੈਨੂੰ ਮਿਲਣ ਆਈ। ਮੈਂ ਵੀ ਕਾਰਜਾਂ ਵਿਹਾਰਾਂ ਵਿਚ ਮਾਸੀ ਜੀ ਨੂੰ ਮਾਂ ਵਾਂਗ ਹੀ ਮਾਣ ਦੇਂਦੀ ਰਹੀ ਹਾਂ। ਉਹ ਪੁਰਾਣੇ ਮੋਹ ਮੁਹੱਬਤਾਂ ਭਰੇ ਦਿਲਾਂ ਵਾਲੇ ਬੰਦੇ ਹੁਣ ਤੁਹਾਨੂੰ ਬਹੁਤ ਘੱਟ ਲੱਭਣਗੇ। ਬਹੁਤ ਘੱਟ ਪਰਿਵਾਰਾਂ ਵਿਚ ਇਹ ਗੁਣ ਅੱਗੋਂ ਵਿਕਸਤ ਹੋਇਆ ਹੈ। ਇਹੋ ਸਾਡਾ ਦੁਖਾਂਤ ਹੈ।

ਮਾਸੀ ਜੀ ਨੇ ਹੀ ਮੈਨੂੰ ਫ਼ੁਲਕੇ ਬਣਾਉਣੇ ਸਿਖਾਏ ਸਨ। ਮੈਨੂੰ ਉਨ੍ਹਾਂ ਦੀ ਗੱਲ ਕਦੇ ਨਹੀਂ ਭੁੱਲਦੀ ਜਦੋਂ ਮੈਂ ਨਿੱਕੇ-ਨਿੱਕੇ ਹੱਥਾਂ ਨਾਲ ਪਹਿਲੀ ਵਾਰ ਨਿੱਕੇ-ਨਿੱਕੇ ਫ਼ੁਲਕੇ ਬਣਾਏ ਤਾਂ ਮਾਸੀ ਜੀ ਨੇ ਕੋਲਿਆਂ ਵਾਲੀ ਅੰਗੀਠੀ ਤੇ ਤਵਾ ਧਰਿਆ ਹੋਇਆ ਸੀ, ਉਨ੍ਹਾਂ ਕਿਹਾ 'ਬੇਟਾ ਫ਼ੁਲਕਾ ਵੱਡਾ ਭਾਵੇਂ ਹੋ ਜਾਵੇ ਪਰ ਮੋਟਾ ਨਾ ਰਹੇ ਕਿਉਂਕਿ ਮੋਟਾ ਫ਼ੁਲਕਾ ਕਿਧਰੇ ਕੱਚਾ ਰਹਿ ਸਕਦਾ ਹੈ।' ਉਨ੍ਹਾਂ ਨੇ ਹੀ ਛੁੱਟੀਆਂ ਵਿਚ ਮੈਨੂੰ ਕੋਲ ਰੱਖ ਕੇ ਸਲਾਈ ਮਸ਼ੀਨ ਦੇ ਕਲ ਪੁਰਜ਼ਿਆਂ ਦੀ ਜਾਣਕਾਰੀ ਦਿੱਤੀ ਧਾਗਾ ਪਾਉਣਾ ਤੇ ਸੀਣਾ ਪਰੋਣਾ ਸਿਖਾਇਆ, ਉਨ੍ਹਾਂ ਦਿਨਾਂ ਵਿਚ ਕਿਸੇ-ਕਿਸੇ ਘਰ ਹੀ ਸਲਾਈ ਮਸ਼ੀਨ ਹੁੰਦੀ ਸੀ। ਉਨ੍ਹਾਂ ਨੇ ਹੀ ਰਸੋਈ ਦੇ ਬਹੁਤ ਗੁਰ ਤੇ ਨੁਕਤੇ ਮੈਨੂੰ ਮਾਂ ਵਾਂਗ ਸਿਖਾਏ। ਮੈਂ ਆਪਣੀ ਮਾਂ ਦੇ ਤੁਰ ਜਾਣ ਤੇ ਵੀ ਆਪਣੀ ਮਾਂ ਵਰਗੀ ਮਾਸੀ ਦਾ ਅੱਜ ਵੀ ਆਦਰ ਕਰਦੀ ਹਾਂ। ਮਾਸੀ ਜੀ ਜਦੋਂ ਵੀ ਸਾਡੇ ਪਿੰਡ ਸੈਂਪਲੀ ਆਉਂਦੇ ਸਾਰਾ ਗੁਆਂਢ ਮੁਹੱਲਾ ਸ਼ਹਿਰੋਂ ਆਈ 'ਸਾੜ੍ਹੀ ਵਾਲੀ ਮਾਸੀ' ਨੂੰ ਦੇਖਣ ਮਿਲਣ ਆਉਂਦਾ। ਸਾਰੇ ਗੁਆਂਢ ਦੇ ਬੱਚੇ ਉਨ੍ਹਾਂ ਨੂੰ ਮਾਸੀ ਜੀ ਹੀ ਕਹਿੰਦੇ। ਉਨ੍ਹਾਂ ਦਿਨਾਂ ਵਿਚ ਪਿੰਡਾਂ ਵਿਚ ਬਿਜਲੀ ਨਹੀਂ ਸੀ ਹੁੰਦੀ ਇਕ ਵਾਰ ਮਾਸੀ ਜੀ ਬੀ-ਜੀ ਨੂੰ ਕਹਿਣ ਲੱਗੇ ਕਿ 'ਮੈਨੂੰ ਮਿੱਟੀ ਦੇ ਭੜੋਲੇ, ਹਾਰੇ ਤੇ ਪੀੜ੍ਹੇ ਦਿਖਾ ਕੇ ਲਿਆ' ਬੀ-ਜੀ ਕਹਿਣ ਲੱਗੇ 'ਮੈਂ ਅਜੇ ਥੋੜ੍ਹੀ ਦੇਰ ਤੋਂ ਪਿੰਡ ਰਹਿਣ ਲੱਗੀ ਹਾਂ ਕਦੇ ਬਹੁਤਾ ਕਿਸੇ ਦੇ ਘਰ ਨਹੀਂ ਗਈ, ਬਾਹਰ ਅੰਦਰ ਦੇ ਕੰਮ ਬੇਬੇ (ਸਾਡੀ ਤਾਈ) ਹੀ ਕਰਦੀ ਹੈ ਭਾਵੇਂ ਅਲੱਗ ਹਾਂ ਪਰ ਉਹ ਸਾਡੀ ਵੱਡੀ ਹੈ, ਤੂੰ ਬੇਬੇ ਨੂੰ ਪੁੱਛ ਲੈ' ਕੋਲ ਬੈਠਾ ਵੱਡਾ ਵੀਰ ਬੋਲਿਆ 'ਰਾਤ ਨੂੰ ਰੋਟੀ ਜਲਦੀ ਪਕਾਓ ਖਾਓ ਵਿਹਲੇ ਹੋ ਕੇ ਲਾਲਟੈਣ ਚੁੱਕੋ ਤੇ ਮਾਸੀ ਜੀ ਨੂੰ ਤਾਈ ਦਫੇਦਾਰਨੀ ਤੇ ਭਾਬੀ ਸੂਬੇਦਾਰਨੀ ਦੇ ਘਰ ਮਿੱਟੀ ਦੀਆਂ ਕਮਾਲਾਂ ਦਿਖਾ ਕੇ ਲਿਆਓ।'

ਰਾਤ ਨੂੰ ਬੇਬੇ ਨੇ ਇਕ ਹੱਥ ਵਿਚ ਲਾਲਟੈਣ ਚੁੱਕੀ ਤੇ ਦੂਜੇ ਹੱਥ ਵਿਚ ਸੋਟੀ ਫੜ ਲਈ ਤੇ ਸਾਡਾ ਕਾਫ਼ਲਾ ਲੈ ਤੁਰੀ। ਮੋਰਾਂ-ਚਿੜੀਆਂ ਵਾਲੇ ਮਿੱਟੀ ਦੇ ਪੀੜ੍ਹੇ (ਮਿੱਟੀ ਗਾਰੇ ਦੀਆਂ ਸ਼ੈਲਫਾਂ ਬਣਾ ਕੇ ਆਲੇ-ਦੁਆਲੇ ਮੋਰਾਂ ਚਿੜੀਆਂ ਦੀ ਸ਼ਕਲ ਦੇ ਜੰਗਲੇ ਜਿਹੇ ਬਣਾਏ ਹੁੰਦੇ) ਵਿਚ ਪਿੱਤਲ ਦੇ ਥਾਲ ਕੌਲੀਆਂ ਤੇ ਗਲਾਸ ਸਜਾਏ ਹੁੰਦੇ। ਆਟਾ ਪਾਉਣ ਲਈ ਵੀ ਮਿੱਟੀ ਦੇ ਭੜੋਲੇ ਬਣਾਏ ਹੁੰਦੇ ਸਨ ਜਾਂ ਕਹਿ ਲਓ ਮਿੱਟੀ ਗਾਰੇ ਦੇ ਡਰੰਮ ਬਣਾਏ ਹੁੰਦੇ ਸਨ, ਜਿਨ੍ਹਾਂ 'ਤੇ ਸੁਚੱਜੀ ਨੂੰਹ ਧੀ ਨੇ ਸ਼ੇਰ, ਹਿਰਨ, ਹਾਥੀ, ਘੋੜਿਆਂ ਦੀ ਹੂ-ਬ-ਹੂ ਸ਼ਕਲ ਬਣਾ ਕੇ ਕਮਾਲ ਕੀਤੀ ਹੁੰਦੀ। ਮਾਸੀ ਜੀ ਦੇਖ-ਦੇਖ ਬਹੁਤ ਖ਼ੁਸ਼ ਹੁੰਦੇ ਤੇ ਸਾਡੀ ਵੀ ਚੰਗੀ ਪਿਕਨਿਕ ਹੋ ਜਾਂਦੀ। ਜਿਸ ਘਰ ਜਾਂਦੇ ਸੁਆਣੀਆਂ ਦੇ ਧਰਤੀ ਤੇ ਪੈਰ ਨਾ ਲੱਗਦੇ, ਸ਼ਹਿਰੋਂ ਆਈ ਮਾਸੀ ਤੇ ਠਾਣੇਦਾਰਨੀ ਮਾਂ ਜੀ ਦੇ ਨਾਲ ਸਾਡੀ ਖੱਪ ਪਾਉਂਦੀ ਟੋਲੀ ਦਾ ਵੀ ਸਾਰਿਆਂ ਨੇ ਮਾਣ ਆਦਰ ਕਰਨਾ। ਕਿਸੇ ਨੇ ਚਾਹ ਕਿਸੇ ਨੇ ਦੁੱਧ ਨਾਲ ਖੋਏ ਦੀਆਂ ਪਿੰਨੀਆਂ ਜੋ ਘਰਾਂ ਵਿਚ ਆਮ ਹੀ ਬਣੀਆਂ ਹੁੰਦੀਆਂ ਮੱਲੋ-ਮੱਲੀ ਅੱਗੇ ਲਿਆ ਧਰਨੀਆਂ। ਸਾਨੂੰ ਘਰ ਮੁੜਦਿਆਂ ਨੂੰ ਅੱਧੀ ਰਾਤ ਹੋ ਜਾਂਦੀ। ਅਜੋਕੇ ਸਮੇਂ ਵਾਂਗ ਰਾਤ ਨੂੰ ਨਾ ਡਰ, ਨਾ ਫ਼ਿਕਰ ਨਾ ਫਾਕਾ ਮੌਜ ਨਾਲ ਪਿੰਡ ਦੀਆਂ ਗਲੀਆਂ ਵਿਚ ਤੁਰੇ ਫਿਰਨਾ। ਮਾਸੀ ਜੀ ਨੇ ਆਪਣੇ ਸ਼ਹਿਰ ਮੁੜਨ ਦਾ ਨਾਮ ਨਾ ਲੈਣਾ, ਉਦੋਂ ਹੀ ਮੁੜਨਾ ਜਦੋਂ ਮਾਸੜ ਜੀ ਨੇ ਉਨ੍ਹਾਂ ਨੂੰ ਲੈਣ ਆਉਣਾ। ਜਾਣ ਲੱਗਿਆਂ ਨੂੰ ਜੇ ਸਰਦੀ ਦਾ ਮੌਸਮ ਹੋਣਾ ਤਾਂ ਸਰ੍ਹੋਂ ਦਾ ਸਾਗ, ਮੱਕੀ ਦਾ ਆਟਾ, ਗੰਨੇ ਗੁੜ ਸ਼ੱਕਰ ਸੁਗਾਤਾਂ ਦੇ ਕੇ ਘੱਲਣੀਆਂ ਤੇ ਗਰਮੀ ਦੀ ਰੁੱਤ ਹੋਣੀ ਤਾਂ ਛੱਲੀਆਂ, ਅੰਬ ਅਤੇ ਅੰਬਾਂ ਦਾ ਅਚਾਰ-ਚਟਣੀ ਪਾ ਕੇ ਦੇਣੀ। ਹੁਣ ਕਿਸ ਕੋਲ ਸਮਾਂ ਹੈ ਕਿਸੇ ਸਖੀ ਸਹੇਲੀ ਕੋਲ ਦਸ ਵੀਹ ਦਿਨ ਰਹਿ ਸਕੇ। ਕਿਸ ਕੋਲ ਐਡਾ ਦਿਲ ਹੈ ਜੋ ਐਨਾ ਪਿਆਰ ਸਤਿਕਾਰ ਕਿਸੇ ਤੋਂ ਐਦਾਂ ਨਿਛਾਵਰ ਕਰ ਸਕੇ। ਮਾਸੀ ਜੀ ਦੇ ਜਾਣ ਤੇ ਕਿੰਨੇ-ਕਿੰਨੇ ਦਿਨ ਸਾਡਾ ਦਿਲ ਨਾ ਲੱਗਦਾ।

ਇਹ ਯਾਦਾਂ ਜ਼ਿੰਦਗੀ ਦਾ ਸਰਮਾਇਆ, ਰੂਹ ਨੂੰ ਅਨੂਠਾ ਜਿਹਾ ਅਨੰਦ ਪ੍ਰਦਾਨ ਕਰਦੀਆਂ ਨੇ। ਸੋਚਦੀ ਹਾਂ ਉਹ ਕਿੱਧਰ ਗਏ ਦਿਹਾੜੇ ਜਦੋਂ ਸੋਹਣੇ ਮੋਹ ਭਰੇ ਪਲਾਂ ਵਿਚ ਕੋਈ ਰੰਗਲੇ ਸੱਜਣ ਜੁੜ ਬਹਿੰਦੇ ਸਨ। ਅੱਜ ਦੇ ਮਸ਼ੀਨੀ ਤੇ ਦਿਖਾਵੇ ਦੇ ਯੁੱਗ ਵਿਚ ਤੇ ਤਾਊ ਚਾਚੂ, ਨਾਨੂੰ ਮਾਮੂੰ ਤੇ ਵੱਡੀ ਮੰਮਾ ਛੋਟੀ ਮੰਮਾ ਦੇ 'ਨਵਯੁੱਗ' ਵਿਚ, ਇਹ ਪਰੀ ਕਹਾਣੀਆਂ ਵਰਗੀਆਂ ਗੱਲਾਂ ਅਜੀਬੋ ਗਰੀਬ ਜਿਹੀਆਂ ਵੀ ਲੱਗ ਸਕਦੀਆਂ ਨੇ। ਅੱਜ ਦੇ ਸਮੇਂ ਬਹੁਤ ਘੱਟ ਲੋਕ ਨੇ ਜੋ ਐਨਾ ਮਾਣ ਸਤਿਕਾਰ ਕਿਸੇ ਨੂੰ ਦੇਣ। ਇਸ ਵਿਚ ਕੋਈ ਸ਼ੱਕ ਨਹੀਂ ਕਿ ਅਜੇ ਵੀ ਕੁਝ ਲੋਕ ਪੁਰਾਣੇ ਸਮੇਂ ਵਾਂਗ ਮਹਿਮਾਨਾਂ ਦਾ ਆਦਰ ਕਰਦੇ ਨੇ। ਬਹੁਤੇ ਘਰੀਂ ਅਜਿਹਾ ਮਾਹੌਲ ਨਹੀਂ ਮਿਲੇਗਾ ਕਿ ਕਿਸੇ ਦੇ ਆਇਆਂ ਅਗਲੇ ਦੇ ਚਾਅ ਨਾ ਚੁੱਕੇ ਜਾਣ ਧਰਤੀ ਤੇ ਖ਼ੁਸ਼ੀ ਨਾਲ ਪੈਰ ਨਾ ਲੱਗਣ ਭਾਵੇਂ ਤੁਸੀਂ ਫ਼ੋਨ ਕਰਕੇ ਵੀ ਜਾਵੋ। ਅਗਲਾ ਚਾਹ ਪਾਣੀ ਪਿਆਵੇਗਾ ਰੋਟੀ ਵੀ ਖੁਆਵੇਗਾ ਪਰ ਉਸ ਵਿਚ ਮੋਹ ਪਿਆਰ ਦੀ ਅਪਣੱਤ ਦੀ ਮਿਠਾਸ ਘੱਟ ਹੀ ਹੋਵੇਗੀ। ਜੇ ਕਦੇ ਤੁਸੀਂ ਰਾਤ ਬਰਾਤੇ ਕਿਸੇ ਦੇ ਘਰ ਜਾਓ ਹੋਰ ਵੀ 'ਰੰਗਲਾ' ਮਾਹੌਲ ਹੋਵੇਗਾ ਕਿਉਂਕਿ ਘਰ ਦੀ ਸੁਆਣੀ ਨੇ ਟੀ.ਵੀ. ਸੀਰੀਅਲ ਵੀ ਦੇਖਣੇ ਹੁੰਦੇ ਨੇ, ਘੜੀ-ਘੜੀ ਵੱਜਦੇ ਫ਼ੋਨ ਵੀ ਸੁਣਨੇ ਹੁੰਦੇ ਨੇ, ਬੱਚਿਆਂ ਨੂੰ ਹੋਮ-ਵਰਕ ਵੀ ਕਰਵਾਉਣਾ ਹੁੰਦਾ ਹੈ। 'ਕੱਲੀ-ਕਾਰੀ ਜਾਨ ਕਿੱਧਰ-ਕਿੱਧਰ ਹੋਵੇ। ਘਰ ਵਿਚ ਸੱਸ ਨਣਦ ਨਾਲ ਹੋਣ ਤਾਂ ਕੋਈ ਗੱਲ ਬਣੇ। ਦਰਾਣੀ ਜਠਾਣੀ ਹੋਵੇ ਤਾਂ ਵੀ ਇਕ ਜਣੀ ਮਹਿਮਾਨਾਂ ਕੋਲ ਬੈਠੇ ਸੋ ਇਸ 'ਨਵਯੁੱਗ' ਵਿਚ ਨਾ ਉਹ ਪਹਿਲਾਂ ਵਰਗੇ 'ਪ੍ਰਾਹੁਣੇ' ਰਹੇ ਨੇ ਨਾ ਉਹ ਪਹਿਲਾਂ ਵਾਲੀ ਪ੍ਰਾਹੁਣਾਚਾਰੀ।

ਬੱਸ ਉਦਾਸ ਜਿਹੇ ਮਨ ਨਾਲ ਸੋਚਦੀ ਰਹਿ ਜਾਂਦੀ ਹਾਂ ਕਿ ਕੀ ਉਹ ਦਿਹਾੜੇ ਕਦੇ ਜ਼ਿੰਦਗੀ ਵਿਚ ਫਿਰ ਪਰਤ ਕੇ ਆ ਸਕਦੇ ਨੇ...।



## ਪੰਜਾਬੀ ਵਿਰਾਸਤ, ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਭਾਸ਼ਾ



### ਕੀ ਤੁਹਾਨੂੰ ਪਤਾ ਹੈ

# ਸਾਡਾ ਪੰਜਾਬੀ ਵਿਰਸਾ




012

ਪੇਸ਼ਕਸ਼: ਭਵਨਦੀਪ ਸਿੰਘ ਪੁਰਬਾ
(ਮੁੱਖ ਸੰਪਾਦਕ: 'ਮਹਿਕ ਵਤਨ ਦੀ ਲਾਈਵ' ਬਿਓਰੋ)

01. ਪੰਜਾਬੀ ਸਾਹਿਤ 16 ਵੀਂ ਸਦੀ ਵਿਚ ਸ਼ੁਰੂ ਹੋਇਆ।
02. ਕਾਗਜ ਤੇ ਲਿੱਖ ਜਦੋਂ ਕਿਸੇ ਨੂੰ ਕੋਈ ਸੁਨੇਹਾ ਭੇਜਿਆ ਜਾਦਾ ਹੈ ਉਸ ਕਾਗਜ ਨੂੰ 'ਚਿੱਠੀ' ਕਿਹਾ ਜਾਦਾ ਹੈ।



03. ਬੇਨਤੀ ਪੱਤਰ ਨੂੰ 'ਅਰਜੀ' ਕਹਿੰਦੇ ਹਨ?
04. ਸੁਨੇਹੇ ਜਾਂ ਸੰਦੇਸ਼ ਨੂੰ 'ਪੈਗਾਮ' ਕਿਹਾ ਜਾਂਦਾ ਹੈ।
05. 'ਲਾਜਮੀ' ਸ਼ਬਦ ਦਾ ਕੀ ਮਤਲਬ 'ਜਰੂਰੀ' ਹੈ।
06. ਕਿਸੇ ਚੀਜ ਦੀ ਜੜ੍ਹ ਜਾਂ ਬੁਨਿਆਦ ਨੂੰ 'ਮੂਲ' ਕਿਹਾ ਜਾਦਾ ਹੈ।
07. ਕੱਚੀ ਲਿਖਾਈ ਨੂੰ 'ਖਰੜਾ' ਕਿਹਾ ਜਾਂਦਾ ਹੈ।



08. ਦਰੁਸਤ ਮਤਲਬ ਸਹੀ ਜਾਂ ਠੀਕ।
09. ਸ਼੍ਰੋਮਣੀ ਮਤਲਬ ਸਿਰਮੌਰ ਜਾਂ ਸਭ ਤੋਂ ਖਾਸ ਸਭ ਤੋਂ ਉਪਰਲਾ ਅਹੁੰਦਾ।
10. ਸਿਖਰ ਦੇ ਵਿਅਕਤੀ, ਪੂਰੇ, ਪੱਕੇ ਬਹੁੱਤ ਹੀ ਜਿਆਦਾ ਗਿਆਨ ਵਾਲੇ ਇਨਸ਼ਾਨ ਨੂੰ 'ਕਾਮਲ' ਕਿਹਾ ਜਾਦਾ ਹੈ।

ਸਾਡੇ ਇਸ ਕਾਲਮ ਪ੍ਰਤੀ ਰਾਇ/ ਸਲਾਹ ਜਾਂ ਕੋਈ ਵਿਚਾਰ ਭੇਜਣ ਲਈ ਈ-ਮੇਲ ਅਤੇ ਵਟਸਐਪ ਨੰਬਰ


E-mail: mehakwattandi@rediffmail.com, Help Line: (+91)-9988-92-9988

# ਦੇਸੀ ਮੰਜਿਆਂ ਨੂੰ ਮੀਂਹ ਵਿੱਚ ਪੈ ਜਾਂਦੀ ਸੀ ਕਾਣ

ਪੰਜਾਬ ਦੇ ਪੁਰਾਤਨ ਸਮਿਆਂ ਵਿੱਚ ਜਦੋਂ ਘਰਾਂ ਦੇ ਵਿੱਚ ਦੇਸੀ ਵਾਣ ਦੇ ਜਾਂ ਸੂਤ ਦੇ ਮੰਜੇ ਬੁਣੇ ਜਾਂਦੇ ਸਨ, ਓਨਾਂ ਨੂੰ ਬਣਵਾਉਣ ਦਾ ਕੰਮ ਵੀ ਪਿੰਡ ਦੇ ਤਰਖਾਣ ਤੋਂ ਹੀ ਕਰਵਾਇਆ ਜਾਂਦਾ ਸੀ।ਸੇਰੂ ਬਾਹੀਆਂ ਵਾਣ ਜਾਂ ਸੂਤ ਸ਼ਹਿਰੋਂ ਲਿਆਉਣਾ ਤੇ ਉਸ ਨੂੰ ਪਿੰਡ ਦੇ ਸੇਪੀ ਵਾਲੇ ਤਰਖਾਣ ਤੋਂ ਠੁਕਵਾ ਲੈਣਾ ਭਾਵ ਬਣਾ ਲੈਣਾ।ਉਸ ਤੋਂ ਬਾਅਦ ਮੰਜੇ ਦੇ ਇੱਕ ਸਾਈਡ ਭਾਵ ਦੌਣ ਵਾਲੇ ਪਾਸੇ ਮੱਲ ਪਾ ਕੇ ਵੱਟ ਚਾੜ੍ਹ ਕੇ ਉੱਤੇ ਕੱਪੜਾ ਲਪੇਟ ਕੇ ਸੇਰੂ ਦੇ ਵਿੱਚ ਅੜਾ ਦੇਣਾ ਤੇ ਬਾਹਰ ਦੁਪਹਿਰਾਂ ਵੇਲੇ ਨਿੰਮਾਂ ਜਾਂ ਕਿਕਰਾਂ ਦੀ ਛਾਂ ਹੇਠ ਬੁਨਣਾ ਜੋ ਓਨਾਂ ਸਮਿਆਂ ਦਾ ਰਿਵਾਜ ਸੀ। ਦੁਪਹਿਰ ਵੇਲੇ ਸਾਰੇ ਹੀ ਆਂਢ ਗੁਆਂਢ ਨੇ ਖੁਲੀ ਹਵਾ ਵਿੱਚ ਨਿੰਮਾਂ ਕਿਕਰਾਂ ਥੱਲੇ ਆਪੋ ਆਪਣੇ ਘਰਾਂ ਚੋਂ ਮੰਜੇ ਲਿਆ ਕੇ ਡਾਹ ਕੇ ਆਰਾਮ ਕਰਨਾ ਤੇ ਓਥੇ ਹੀ ਜਿਸ ਘਰ ਨੇ ਮੰਜਾ ਬੁਨਣਾ ਹੁੰਦਾ ਸੀ ਚੱਕ ਲਿਆਉਣਾ ਤੇ ਬੁਣ ਲੈਂਦੇ। ਕਈ ਵਾਰ ਤਾਂ ਪੂਰਾ ਮੰਜਾ ਬੁਣ ਲੈਂਦੇ ਜੇਕਰ ਥੋੜਾ ਬਹੁਤਾ ਰਹਿ ਜਾਂਦਾ ਤਾਂ ਅਗਲੇ ਦਿਨ ਵੀ ਬੁਣ ਲੈਂਦੇ।

ਰੰਗਦਾਰ ਸੂਤ ਦੇ ਮੰਜੇ ਵੀ ਬੜੇ ਸ਼ੌਕ ਨਾਲ ਬੁਣੇ ਜਾਂਦੇ ਰਹੇ ਹਨ। ਓਨਾਂ ਨੂੰ ਬੁਣ ਕੇ ਉੱਪਰ ਸੂਈ ਜਾਂ ਘੰਦੂਈ ਨਾਲ ਚਾਦਰ ਸਿਉਂ ਦੇਣੀ ਤਾਂ ਕਿ ਸੂਤ ਜਲਦੀ ਖਰਾਬ ਜਾਂ ਗੰਦਾ ਨਾ ਹੋਵੇ। ਇੱਕ ਘਰ ਵਿੱਚ ਦਸ ਦਸ ਮੰਜੇ ਹੋਇਆ ਕਰਦੇ ਸਨ। ਵਿਆਹ ਸ਼ਾਦੀਆਂ ਵਿੱਚ ਵੀ ਇਹੀ ਮੰਜੇ ਤੇ ਬਿਸਤਰੇ ਨੰਬਰ ਲਾ ਕੇ ਇਕੱਠੇ ਕਰਨੇ ਤੇ ਪਿੰਡੋਂ ਬਾਹਰ ਬਣੀਆਂ ਢਾਣੀਆਂ ਵਿੱਚ ਵੀ ਵਿਆਹ ਸ਼ਾਦੀਆਂ ਵਾਲੇ ਘਰਾਂ ਨੇ ਪਿੰਡ ਵਿਚੋਂ ਹੀ ਮੰਜੇ ਬਿਸਤਰੇ ਇਕੱਠੇ ਕਰਕੇ ਲੈ ਕੇ ਜਾਣੇ।

ਪਰ ਕਦੇ ਕਦਾਈਂ ਭੁੱਲ ਭੁਲੇਖੇ ਨਾਲ ਜੇਕਰ ਵਾਣ ਵਾਲਾ ਮੰਜਾ ਬਾਹਰ ਮੀਂਹ ਵਿੱਚ ਭਿੱਜ ਜਾਂਦਾ ਤਾਂ ਉਸ ਵਿੱਚ ਕਾਣ ਪੈ ਜਾਂਦੀ ਸੀ (ਫੋਟੋ ਦੀ ਤਰ੍ਹਾਂ) ਫਿਰ ਇਹ ਥੋੜੀ ਔਖਿਆਈ ਦੇ ਨਾਲ ਹੀ ਠੀਕ ਹੁੰਦਾ ਸੀ, ਇੱਕ ਪਾਸੇ ਕਿਸੇ ਜ਼ਿਆਦਾ ਭਾਰੇ ਘਰ ਦੇ ਮੈਂਬਰ ਨੂੰ ਬਿਠਾਉਣਾ ਤੇ ਦੂਜੇ ਪਾਸਿਓਂ ਮੰਜਾ ਥੱਲੇ ਨੂੰ ਨੱਪਣਾ ਕਾਫੀ ਦੇਰ ਇਉਂ ਬੈਠੇ ਰਹਿਣ ਨਾਲ ਵੀ ਜਦੋਂ ਉਠਣਾ ਓਵੇਂ ਹੀ ਫਿਰ ਹੋ ਜਾਂਦਾ ਸੀ।ਦੋ ਚਾਰ ਵਾਰ ਇਉਂ ਕਰਨ ਨਾਲ ਜਾਂ ਫਿਰ ਕਿਸੇ ਜਿਆਦਾ ਭਾਰ ਵਾਲੇ ਮੈਬਰ ਨੇ ਰਾਤ ਨੂੰ ਓਸੇ ਮੰਜੇ ਤੇ ਲੇਟਣਾ ਤਾਂ ਜਾ ਕੇ ਕਿਤੇ ਇਹ ਸਹੀ ਹੁੰਦਾ ਸੀ।ਪਰ ਸੂਤ ਦੇ ਮੰਜਿਆਂ ਦਾ ਖਾਸ ਧਿਆਨ ਰੱਖਿਆ ਜਾਂਦਾ ਸੀ ਕਿਉਂਕਿ ਇੱਕ ਤਾਂ ਓਹ ਵੇਖਣ ਦੇ ਵਿੱਚ ਵੀ ਬੜੇ ਸੋਹਣੇ ਲੱਗਦੇ ਸਨ ਤੇ ਉਪਰੋਂ ਚਾਦਰ ਵੀ ਉੱਤੇ ਸਿਉਂਤੀ ਹੁੰਦੀ ਸੀ ਇਸ ਕਰਕੇ ਓਹਨੂੰ ਸਾਰੇ ਪਰਿਵਾਰ ਹੀ ਜਾਣ ਤੋਂ ਪਿਆਰੇ ਰੱਖਦੇ ਸਨ।ਪਰ ਵਾਣ ਦੇ ਮੰਜਿਆਂ ਦੀ ਜ਼ਿਆਦਾ ਦੇਖ ਭਾਲ ਨਾ ਹੂੰਦੀ ਕਰਕੇ ਕਹਿ ਲਓ ਜਾਂ ਫਿਰ ਬਾਪੂ ਦਾ ਬਾਹਰਲੇ ਘਰੇ ਪਿਆ ਵਾਣ ਦਾ ਮੰਜਾ ਅਕਸਰ ਹੀ ਮੀਂਹ ਦੀ ਭੇਂਟ ਚੜ੍ਹ ਕੇ ਕਾਣਿਆਂ ਜਾਂਦਾ ਸੀ ਤੇ ਉਸ ਨੂੰ ਠੀਕ ਕਰਨ ਲਈ ਵੀ ਕਾਫ਼ੀ ਮਿਹਨਤ ਕਰਨੀ ਪੈਂਦੀ ਸੀ।



ਇਹ ਪੁਰਾਤਨ ਪੰਜਾਬ ਦੀਆਂ ਗੱਲਾਂ ਨੇ ਦੋਸਤੋ ਜਿਉਂ ਜਿਉਂ ਅਸੀਂ ਤਰੱਕੀ ਦੀਆਂ ਬੁਲੰਦੀਆਂ ਨੂੰ ਛੋਹਿਆ ਹੈ ਉਸ ਤੋਂ ਬਾਅਦ ਤਾਂ ਫਿਰ ਹੋਰ ਹੀ ਗੁੱਡੀਆਂ ਤੇ ਹੋਰ ਹੀ ਪਟੋਲੇ ਹੋ ਗਏ ਹਨ। ਡਬਲਬੈਡ ਲੋਹੇ ਦੇ ਬਣੇ ਹੋਏ ਮੰਜੇ ਲੋਹੇ ਦੇ ਬਣੇ ਇਕੱਠੇ ਹੋਣ ਵਾਲੇ ਮੰਜੇ ਤੇ ਹੋਰ ਪਤਾ ਨਹੀਂ ਕੀ ਕੁੱਝ ਬਣ ਗਿਆ ਹੈ। ਹੁਣ ਵਾਣ ਵਾਲੇ ਜਾਂ ਨਵਾਰੀ ਪਲੰਘ ਭਾਵ ਸੂਤ ਦੇ ਬਣੇ ਹੋਏ ਮੰਜੇ ਕਿਸੇ ਟਾਂਵੇ ਟਾਂਵੇ ਘਰਾਂ ਵਿੱਚ ਹੀ ਦਿਸਦੇ ਹਨ। ਕਿਉਂਕਿ ਨਵੀਂ ਪੀੜ੍ਹੀ ਇਨ੍ਹਾਂ ਨੂੰ ਪਸੰਦ ਨਹੀਂ ਕਰਦੀ ਪਰ ਪੁਰਾਤਨ ਪੰਜਾਬ ਵਿੱਚ ਇਹ ਧੀਆਂ ਭੈਣਾਂ ਦੇ ਦਾਜ ਵਿੱਚ ਵੀ ਦਿੱਤੇ ਜਾਂਦੇ ਰਹੇ ਹਨ।ਚੌਖੜੇ ਜਾ ਨੌਂ ਰੱਸੀਆਂ ਲੰਘਾ ਕੇ ਕੋਈ ਵਿਰਲੀ ਹੀ ਸਵਾਣੀ ਤੇ ਜਾਂ ਫਿਰ ਬਾਈ ਕੋਲ ਇਨ੍ਹਾਂ ਨੂੰ ਬੁਨਣ ਦੀ ਕਲਾ ਹੋਇਆ ਕਰਦੀ ਸੀ ਤੇ ਸਾਰਾ ਪਿੰਡ ਹੀ ਵਾਰੀ ਵਾਰੀ ਨਾਲ ਓਨਾਂ ਤੋਂ ਮੰਜੇ ਬਣਵਾਇਆ ਕਰਦੇ ਸਨ।

ਹੁਣ ਬਦਲੇ ਹਾਲਾਤਾਂ ਵਿੱਚ ਜੇਕਰ ਕਿਸੇ ਪੁਰਾਣੀ ਉਮਰ ਵਾਲੇ ਬਜ਼ੁਰਗ ਜਾਂ ਮਾਤਾ ਨੇ ਇਹ ਰੱਖੇ ਹੋਏ ਹਨ ਤਾਂ ਜਾਨ ਤੋਂ ਵੀ ਵਧ ਕੇ ਪਿਆਰ ਨਾਲ ਰੱਖੇ ਹੋਏ ਹਨ ਤੇ ਜਾਂ ਫਿਰ ਆਮ ਢਾਬਿਆਂ ਜਾਂ ਫਿਰ ਹਵੇਲੀ ਵਰਗੇ ਰੈਸਟੋਰੈਂਟਾਂ ਦੀ ਸ਼ਾਨ ਬਣਕੇ ਰਹਿ ਗਏ ਹਨ ਇਹੋ ਜਿਹੇ ਵਾਣ ਜਾਂ ਸੂਤ ਵਾਲੇ ਮੰਜੇ। ਓਨਾਂ ਨੇ ਆਪਣੀ ਗਾਹਕੀ ਨੂੰ ਲੁਭਾਉਣ ਤੇ ਆਪਣੇ ਵਿਰਸੇ ਦਾ ਅਨਿੱਖੜਵਾਂ ਅੰਗ ਕਰਕੇ ਇਨ੍ਹਾਂ ਦੇ ਪਾਵਿਆਂ ਨੂੰ ਮਨਭਾਉਂਦਾ ਰੰਗ ਵੀ ਕਰਵਾਇਆ ਹੁੰਦਾ ਹੈ ਤਾਂ ਕਿ ਆਉਣ ਵਾਲੇ ਗਾਹਕ ਉਸ ਨੂੰ ਵਿਰਸੇ ਦੇ ਪ੍ਰੇਮੀ ਵਜੋਂ ਜਾਨਣ। ਬਹੁਤ ਚੰਗੀ ਗੱਲ ਹੈ ਚਲੋ ਇਸੇ ਤਰ੍ਹਾਂ ਹੀ ਸਹੀ ਓਨਾਂ ਨੂੰ ਵੇਖ ਕੇ ਘੱਟੋ-ਘੱਟ ਪੁਰਾਤਨ ਬਜ਼ੁਰਗਾਂ ਨੂੰ ਆਪਣਾ ਅਤੀਤ ਚੇਤੇ ਆ ਜਾਂਦਾ ਹੈ ਤੇ ਨਾਲ ਗਏ ਪੋਤਰੇ ਪੋਤਰੀ ਜਾਂ ਦੋਹਤਿਆਂ ਨੂੰ ਓਹ ਮਾਣ ਨਾਲ ਇਹ ਵੀ ਜਰੂਰ ਦੱਸਦੇ ਨੇ ਕਿ ਆਹ ਸਾਡੇ ਸਮਿਆਂ ਦੇ ਮੰਜੇ ਤੇ ਪਲੰਘ ਹਨ।

ਸੋ ਦੋਸਤੋ ਸਮਾਂ ਬੜੀ ਤੇਜ਼ੀ ਨਾਲ ਬਦਲ ਰਿਹਾ ਹੈ ਜੋ ਪਹਿਲਾਂ ਸੀ ਓਹ ਅੱਜ ਕਿਧਰੇ ਨਜਰ ਨਹੀਂ ਆਉਂਦਾ ਤੇ ਜੋ ਅੱਜ ਆਪਾਂ ਵੇਖ ਰਹੇ ਹਾਂ ਕੱਲ੍ਹ ਇਹ ਵੀ ਕਿਧਰੇ ਨਹੀਂ ਦਿਸਣਾ ਇਹ ਕੁਦਰਤੀ ਨੇਮ ਹੈ ਇਸ ਨੂੰ ਆਪਾਂ ਸਾਰਿਆਂ ਨੂੰ ਮੰਨਣਾ ਹੀ ਪੈਣਾ ਹੈ। ਹਾਂ ਕਦੇ ਕਦੇ ਓਹ ਪੁਰਾਤਨ ਸਮੇਂ ਯਾਦ ਜ਼ਰੂਰ ਆ ਜਾਂਦੇ ਨੇ ਜੋ ਤੁਹਾਡੇ ਸਾਰੇ ਦੋਸਤਾਂ ਮਿੱਤਰਾਂ ਨਾਲ ਸਾਂਝੇ ਕਰ ਲਈਦੇ ਨੇ।

- ਜਸਵੀਰ ਸ਼ਰਮਾਂ ਦੱਦਾਹੂਰ
(ਸ੍ਰੀ ਮੁਕਤਸਰ ਸਾਹਿਬ)
95691-49556

ਸਭਾ, ਸੁਸਾਇਟੀਆਂ, ਕਲੱਬਾ ਅਤੇ ਸੰਸਥਾਵਾਂ ਲਈ ਸ਼ਪੈਸਲ
ਸ਼ਨਾਖਤੀ ਕਾਰਡ (Digital PVC ਆਈ-ਕਾਰਡ)
ਅਤੇ ਨਿਯੁਕਤੀ ਪੱਤਰ
ਬਣਵਾਉਣ ਲਈ ਸੰਪਰਕ ਕਰੋ!





ਮਹਿਕ ਵਤਨ ਦੀ ਐਡਵੋਟਾਈਜਰਮੈਂਟ ਕੰਪਨੀ (ਰਜਿ:)
Help Line: 9988 92 9988
www.mehakwatandilive.com

ਏਕਮ ਟਿਊਸ਼ਨ ਸੈਂਟਰ
ਪੰਜਾਬੀ, ਹਿੰਦੀ ਅਤੇ ਅੰਗਰੇਜੀ ਮੀਡੀਅਮ
EKAM Tution Center
All Subject of Nursury to 8 th Classes
CBSE / ICSE / Punjab School Edu. Board
ਏ.ਸੀ. ਕਲਾਸ ਰੂਮ, ਵਾਈ-ਫਾਈ
ਕੰਮਪਿਊਟਰ ਪ੍ਰੈਕ ਆਊਟ
Center: Basti Gobindgarh
Near Ghalan Walia Di Atta Chakki
1195, Ajit Nagar, Moga



Contact: 96460-21463




# ਬੱਚਤ ਕਰਨੀ ਹੋਵੇ ਤਾਂ ਇਕੱਲੇ ਬਾਜ਼ਾਰ ਜਾਓ



ਔਰਤਾਂ ਜਦੋਂ ਇਕੱਠੀਆਂ ਬਾਜ਼ਾਰ ਜਾਂਦੀਆਂ ਹਨ ਤਾਂ ਉਹ ਵੱਧ ਖਰਚ ਕਰਦੀਆਂ ਹਨ, ਇਸ ਲਈ ਉਨ੍ਹਾਂ ਨੂੰ ਇਕੱਲੇ ਹੀ ਬਾਜ਼ਾਰ ਜਾਣਾ ਚਾਹੀਦਾ ਹੈ। ਸਹੇਲੀਆਂ ਨਾਲ ਖਰੀਦਦਾਰੀ ਕਰਨ ਜਾਣਾ ਭਾਵੇਂ ਖਰਚੀਲਾ ਹੋ ਸਕਦਾ ਹੈ ਪਰ ਇਕੱਲੇ ਬਾਜ਼ਾਰ ਜਾਣ ਦੀ ਬਜਾਏ ਇਹ ਵਧੇਰੇ ਆਨੰਦ ਦਾਇਕ ਹੈ। ਜਦੋਂ ਤੁਸੀਂ ਇਕੱਲੇ ਖਰੀਦਦਾਰੀ ਕਰਦੇ ਹੋ ਤਾਂ ਤੁਸੀਂ ਸੌਖਿਆਂ ਹੀ ਪਸੰਦ ਨਾ ਆਉਣ ਵਾਲੀ ਚੀਜ਼ ਨੂੰ ਨਾ ਖਰੀਦਣ ਦਾ ਫੈਸਲਾ ਕਰ ਸਕਦੇ ਹੋ।

ਕੁੜੀਆਂ ਨਾਲ ਜਦੋਂ ਤੁਸੀਂ ਜਾਂਦੇ ਹੋ ਤਾਂ ਸਿਰਫ ਖਰੀਦਦਾਰੀ ਹੀ ਨਹੀਂ ਕਰਦੇ, ਉਹ ਕਈ ਵਾਰ ਕੁਝ ਖਾਂਦੀਆਂ ਵੀ ਹਨ ਜਾਂ ਕੌਫੀ ਪੀਂਦੀਆਂ ਹਨ ਜਾਂ ਫਿਰ ਗੱਲ ਗੱਪੇ ਖਾਂਦੀਆਂ ਹਨ ਅਤੇ ਮੌਜ-ਮਸਤੀ ਕਰਦੀਆਂ ਹਨ, ਜਿਸ ਵਿਚ ਲੋੜ ਨਾਲੋਂ ਵੱਧ ਪੈਸਾ ਖਰਚ ਹੋ ਜਾਂਦਾ ਹੈ।

# ਅਨੇਕਾਂ ਬੀਮਾਰੀਆਂ ਲਈ ਫਾਇਦੇਮੰਦ ਨਾਰੀਅਲ ਪਾਣੀ



ਕੱਚੇ ਨਾਰੀਅਲ ਦੇ ਪਾਣੀ ਵਿਚ ਦੁੱਧ ਦੇ ਸਮਾਨ ਗੁਣ ਹੁੰਦੇ ਹਨ। ਨਾਰੀਅਲ ਦਾ ਪਾਣੀ ਗੁਲੂਕੋਜ਼ ਦੇ ਪਾਣੀ ਦੀ ਜਗ੍ਹਾ ਵਰਤੋਂ ਵਿਚ ਲਿਆਂਦਾ ਜਾ ਸਕਦਾ ਹੈ। ਬੱਚਿਆਂ ਵਿਚ ਪਾਣੀ ਦੀ ਕਮੀ ਦੂਰ ਕਰਨ ਲਈ ਇਹ ਚੰਗਾ ਪੀਣ ਵਾਲਾ ਪਦਾਰਥ ਹੈ। ਇਹ ਪਾਣੀ ਜੀਵਾਣੂ-ਮੁਕਤ ਤੇ ਪੋਟਾਸ਼ੀਅਮ ਤੇ ਕਲੋਰੀਨ ਵਾਲਾ ਹੁੰਦਾ ਹੈ। ਇਸ ਲਈ ਇਹ ਦਿਲ, ਕਿਡਨੀ ਤੇ ਲਿਵਰ ਦੀਆਂ ਬੀਮਾਰੀਆਂ ਵੇਲੇ ਫਾਇਦੇਮੰਦ ਹੈ।

ਉਨੀਂਦਰੇ ਦੇ ਰੋਗੀਆਂ ਨੂੰ ਸੌਣ ਵੇਲੇ ਨਾਰੀਅਲ ਦਾ ਪਾਣੀ ਪੀਣਾ ਚਾਹੀਦਾ ਹੈ, ਇਸ ਨਾਲ ਨੀਂਦ ਚੰਗੀ ਆਉਂਦੀ ਹੈ। ਇਹ ਪਾਣੀ ਪੀਣ ਨਾਲ ਚਮੜੀ ਚਮਕਦਾਰ ਤੇ ਸੁੰਦਰ ਬਣਦੀ ਹੈ। ਪਿਸ਼ਾਬ ਵਿਚ ਜਲਨ ਹੋਣ 'ਤੇ ਨਾਰੀਅਲ ਦੇ ਪਾਣੀ ਵਿਚ ਹਰਾ ਧਨੀਆ ਤੇ ਗੁੜ ਮਿਲਾ ਕੇ ਪੀਓ। ਇਸ ਦੀ ਨਿਯਮਿਤ ਵਰਤੋਂ ਨਾਲ ਪੱਥਰੀ ਗਲ ਜਾਂਦੀ ਹੈ। ਡਾਇਰੀਏ ਦੇ ਸ਼ਿਕਾਰ ਲੋਕਾਂ ਨੂੰ ਨਾਰੀਅਲ ਖਾਣਾ ਚਾਹੀਦਾ ਹੈ। ਕੱਚੇ ਨਾਰੀਅਲ ਦੀ ਮਲਾਈ ਵਿਚ ਭਰਪੂਰ ਕੈਲੋਪੀ ਤੇ ਸੈਚੁਰੇਟਿਡ ਫੈਟ ਹੁੰਦਾ ਹੈ। ਇਹ ਆਸਾਨੀ ਨਾਲ ਪਚਦਾ ਹੈ। ਇਸ ਲਈ ਬਦਹਜ਼ਮੀ ਵੇਲੇ ਇਸ ਦੀ ਵਰਤੋਂ ਜ਼ਰੂਰ ਕਰੋ। ਥਕੇਵੇਂ, ਕਮਜ਼ੋਰੀ ਤੇ ਨਾੜੀ ਦੀਆਂ ਤਕਲੀਫਾਂ ਵੇਲੇ ਨਾਰੀਅਲ ਦਾ ਪਾਣੀ ਫਾਇਦੇਮੰਦ ਹੈ। ਨਾਰੀਅਲ ਚਬਾ-ਚਬਾ ਕੇ ਖਾਣ ਨਾਲ ਦੰਦਾਂ ਦੀਆਂ ਬੀਮਾਰੀਆਂ ਦੂਰ ਹੁੰਦੀਆਂ ਹਨ, ਪਾਚਨ ਸ਼ਕਤੀ ਵਧਦੀ ਹੈ ਅਤੇ ਭੁੱਖ ਖੁੱਲ੍ਹ ਕੇ ਲੱਗਦੀ ਹੈ। ਐਸੀਡਿਟੀ ਦੀ ਸ਼ਿਕਾਇਤ ਹੋਵੇ ਤਾਂ ਨਾਰੀਅਲ ਤੇ ਮਿਸ਼ਰੀ ਖਾਓ। ਸੱਟ ਜਾਂ ਮੋਚ ਆਉਣ 'ਤੇ ਨਾਰੀਅਲ ਦੀ ਗਿਰੀ ਨੂੰ ਬਾਰੀਕ ਪੀਸ ਕੇ ਉਸ ਵਿਚ ਥੋੜ੍ਹੀ ਜਿਹੀ ਹਲਦੀ ਮਿਲਾ ਕੇ ਸੇਕ ਦਿਓ ਅਤੇ ਉਸ ਦੀ ਪੱਟੀ ਬੰਨ੍ਹੋ। ਨਾਰੀਅਲ ਦੇ ਤੇਲ ਦੀ ਮਾਲਿਸ਼ ਨਾਲ ਦਿਮਾਗ ਠੰਡਾ ਰਹਿੰਦਾ ਹੈ। ਇਹ ਤੇਲ ਵਾਲਾਂ ਲਈ ਚੰਗਾ ਟਾਨਿਕ ਹੈ। ਨਿੰਬੂ ਦੇ ਰਸ ਵਿਚ ਨਾਰੀਅਲ ਦਾ ਤੇਲ ਮਿਲਾ ਕੇ ਵਾਲਾਂ ਦੀਆਂ ਜੜ੍ਹਾਂ ਵਿਚ ਮਾਲਿਸ਼ ਕਰਨ ਨਾਲ ਵਾਲ ਮੁਲਾਇਮ ਰਹਿੰਦੇ ਹਨ। ਖੁਜਲੀ ਹੋਣ 'ਤੇ ਨਾਰੀਅਲ ਦੇ ਤੇਲ ਵਿਚ ਕਪੂਰ ਤੇ ਗੰਧਕ ਮਿਲਾ ਕੇ ਖੁਜਲੀ ਵਾਲੀ ਥਾਂ 'ਤੇ ਲਗਾਓ। ਸੜ ਜਾਣ 'ਤੇ ਚੂਨੇ ਦੇ ਪਾਣੀ ਵਿਚ ਨਾਰੀਅਲ ਦਾ ਤੇਲ ਮਿਲਾ ਕੇ ਲਗਾਉਣਾ ਚਾਹੀਦਾ ਹੈ। ਇਸ ਨਾਲ ਜਲਦੀ ਆਰਾਮ ਮਿਲਦਾ ਹੈ।

# ਘਰ ਦੀ ਰਸੋਈ

ਪੇਸ਼ਕਸ:
ਭਾਗਵੰਤੀ ਪੁਰਬਾ

## ਮੇਥੀ ਤੇ ਹਰੇ ਪਿਆਜ਼ ਦਾ ਸਲਾਦ

**ਸਮੱਗਰੀ :**

ਬਾਰੀਕ ਕੱਟਿਆ ਹਰਾ ਪਿਆਜ 2 ਕੱਪ, ਬਾਰੀਕ ਕੱਟੇ ਹੋਏ ਮੇਥੇ 1/2 ਕੱਪ, ਭੁੰਨੀ ਤੇ ਪੀਸੀ ਹੋਈ ਮੂੰਗਫਲੀ/ਛੋਲੇ 4 ਛੋਟੇ ਚਮਚ, ਨਿੰਬੂ 1, ਖੰਡ 1/2 ਛੋਟਾ ਚਮਚਾ, ਤੇਲ 1 ਛੋਟਾ ਚਮਚਾ, ਰਾਈ 1/2 ਛੋਟਾ ਚਮਚਾ, ਹਲਦੀ 1 ਚੁਟਕੀ, ਲੂਣ ਸਵਾਦ ਅਨੁਸਾਰ।


**ਵਿਧੀ :**

ਬਾਰੀਕ ਕੱਟਿਆ ਹਰਾ ਪਿਆਜ਼, ਮੇਥੀ ਦੇ ਪੱਤੇ, ਮੂੰਗਫਲੀ ਖੰਡ ਤੇ ਲੂਣ ਰਲਾ ਲਓ। ਤੇਲ ਗਰਮ ਕਰਕੇ ਰਾਈ ਤੜਕ ਲਓ। ਫਿਰ ਇਸ ਤੜਕੇ ਨੂੰ ਸਾਰੇ ਮਿਸ਼ਰਣ ਵਿਚ ਰਲਾ ਕੇ ਉਸ ਉਪਰ ਨਿੰਬੂ ਦਾ ਰਸ ਪਾ ਕੇ ਚੰਗੀ ਤਰਾਂ ਰਲਾਉਣ ਤੋਂ ਬਾਅਦ ਪਰੋਸੋ।

100 ਗ੍ਰਾਮ ਮੇਥੀ ਅਤੇ ਹਰੇ ਪਿਆਜ਼ ਦੇ ਸਲਾਦ ਵਿਚੋਂ 4.30 ਮਿਲੀਗ੍ਰਾਮ ਲੋਹਾ ਪ੍ਰਾਪਤ ਹੁੰਦਾ ਹੈ।









## ਪੁੰਗਰੀ ਦਾਲ ਤੇ ਹਰੇ ਪਿਆਜ਼ ਦਾ ਸਲਾਦ

**ਸਮੱਗਰੀ :**

ਪੁੰਗਰੀ ਸਾਬਤ ਮੂੰਗੀ 1 ਕੱਪ, ਬਾਰੀਕ ਕੱਟਿਆ ਹਰਾ ਪਿਆਜ਼ 1 ਕੱਪ, ਕੱਟਿਆ ਟਮਾਟਰ 1 ਕੱਪ, ਬਾਰੀਕ ਕੱਟਿਆ ਖੀਰਾ 1/4 ਕੱਪ, ਨਿੰਬੂ 1, ਬਾਰੀਕ ਕੱਟੀ ਹਰੀ ਮਿਰਚ ਸਵਾਦ ਅਨੁਸਾਰ, ਲੂਣ ਸਵਾਦ ਅਨੁਸਾਰ।

**ਵਿਧੀ :**

ਪੁੰਗਰੀ ਹੋਈ ਦਾਲ ਨੂੰ ਭਾਫ਼ ਨਾਲ ਥੋੜਾ ਜਿਹਾ ਪਕਾ ਲਓ। ਉੱਪਰ ਲਿਖੀ ਸਾਰੀ ਸਮੱਗਰੀ ਨੂੰ ਰਲਾ ਕੇ ਉਪਰ ਉੱਪਰ ਨਿੰਬੂ ਦਾ ਰਸ ਨਿਚੋੜ ਦਿਓ। ਠੰਢਾ ਕਰਕੇ ਪਰੋਸੋ।

ਪੁੰਗਰੀਆਂ ਦਾਲਾਂ ਵਿਚ ਵਿਟਾਮਿਨ ਸੀ ਕਾਫ਼ੀ ਕਾਤਰਾ ਵਿਚ ਹੁੰਦਾ ਹੈ ਅਤੇ ਇਹ ਸਰੀਰ ਵਿਚ ਲੋਹੇ ਦੇ ਸੋਖਣ ਨੂੰ ਵਧਾਉਂਦਾ ਹੈ। 100 ਗ੍ਰਾਮ ਪੁੰਗਰੀ ਦਾਲ ਅਤੇ ਹਰੇ ਪਿਆਜ਼ ਦੇ ਸਲਾਦ ਵਿਚੋਂ 2.69 ਮਿਲੀਗ੍ਰਾਮ ਲੋਹਾ ਪਾਇਆ ਜਾਂਦਾ ਹੈ।

# ਤਸਵੀਰਾਂ ਬੋਲਦੀਆਂ !



ਆਰ.ਕੇ.ਐਸ. ਸੀਨੀਅਰ ਸਕੈਂਡਰੀ ਸਕੂਲ ਮੋਗਾ ਵੱਲੋਂ ਪੰਜਵੀ ਜਮਾਤ ਦੇ ਬੱਚਿਆਂ ਨੂੰ ਟੂਰ ਤੇ ਲਿਜਾਣ ਮੌਕੇ ਮੈਡਮ ਰੇਖਾ ਗਰੋਵਰ, ਹੋਰ ਟੀਚਰ ਅਤੇ ਵਿਦਿਆਰਥੀ। ਫੋਟੋ: 'ਮਹਿਕ ਵਤਨ ਦੀ ਲਾਈਵ' ਬਿਓਰੋ



ਸਰਬੱਤ ਦਾ ਭਲਾ ਟਰੱਸਟ ਮੋਗਾ ਦੇ ਟਰੱਸਟੀ ਅਤੇ ਰੂਰਲ ਐਨ.ਜੀ.ਓ. ਕਲੱਬਜ ਐਸੋਸੀਏਸ਼ਨ ਸਿਟੀ ਯੂਨਿਟ ਮੋਗਾ ਦੇ ਪ੍ਰਧਾਨ ਸ. ਸੁਖਦੇਵ ਸਿੰਘ ਬਰਾੜ ਨੂੰ ਅਸਟ੍ਰੇਲੀਆ ਅਤੇ ਨਿਊਜੀਲੈਂਡ ਦੇ ਟੂਰ ਤੋਂ ਵਾਪਿਸ ਪੰਜਾਬ ਪਰਤਣ ਤੇ ਉਨ੍ਹਾਂ ਦਾ ਸਵਾਗਤ ਕਰਦੇ ਹੋਏ ਰੂਰਲ ਐਨ.ਜੀ.ਓ. ਦੇ ਪ੍ਰਧਾਨ ਅਤੇ ਟਰੱਸਟ ਦੇ ਸੀਨੀ. ਮੀਤ ਪ੍ਰਧਾਨ ਹਰਭਿੰਦਰ ਸਿੰਘ ਜਾਨੀਆ, ਜਿਲ੍ਹਾ ਪ੍ਰੈਸ ਸਕੱਤਰ ਭਵਨਦੀਪ ਸਿੰਘ ਪੁਰਬਾ, ਬਲਾਕ ਪ੍ਰਧਾਨ ਅਤੇ ਟਰੱਸਟੀ ਜਗਤਾਰ ਸਿੰਘ ਜਾਨੀਆ। ਫੋਟੋ ਤੇ ਵੇਰਵਾ: ਮਨਮੋਹਨ ਸਿੰਘ ਚੀਮਾ



ਮੋਗਾ ਦੀ ਸਮਾਜ ਸੇਵਾ ਸੋਸਾਇਟੀ ਨੂੰ ਸਮਾਜ ਸੇਵਾ ਵਿੱਚ ਨਿਭਾਈਆਂ ਗਈਆਂ ਵਿਸ਼ੇਸ਼ ਸੇਵਾਵਾਂ ਦੀ ਬਦੌਲਤ ਬਾਬਾ ਫਰੀਦ ਜੀ ਦੇ ਅਗਮਨ ਪੁਰਬ ਤੇ 'ਬਾਬਾ ਫਰੀਦ ਜੀ ਐਵਾਰਡ' ਮਿਲਿਆ। ਇਸ ਸਬੰਧ ਵਿੱਚ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਟਰੱਸਟੀਆਂ ਸੀਨੀਅਰ ਮੀਤ-ਪ੍ਰਧਾਨ ਹਰਭਿੰਦਰ ਸਿੰਘ ਜਾਨੀਆ, ਜਿਲ੍ਹਾ ਪ੍ਰੈਸ ਸਕੱਤਰ ਭਵਨਦੀਪ ਸਿੰਘ ਪੁਰਬਾ ਅਤੇ ਟਰੱਸਟੀ ਜਗਤਾਰ ਸਿੰਘ ਜਾਨੀਆ ਨੇ ਸੁਸਾਇਟੀ ਦੇ ਦਫਤਰ ਵਿਖੇ ਹਾਜਿਰ ਹੋ ਕੇ ਸੋਸਾਇਟੀ ਦੇ ਚੇਅਰਮੈਨ ਸ. ਗੁਰਸੇਵਕ ਸਿੰਘ ਸੰਨਿਆਸੀ ਨੂੰ ਮੁਬਾਰਕਾਂ ਭੇਂਟ ਕੀਤੀਆਂ ਅਤੇ ਸਾਰੇ ਹੀ ਮੈਬਰਾਂ ਵੱਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੀ ਸਲਾਘਾ ਕੀਤੀ। ਫੋਟੋ ਤੇ ਵੇਰਵਾ: ਮਨਮੋਹਨ ਚੀਮਾ



ਸਰਕਾਰੀ ਆਈ.ਟੀ.ਆਈ. (ਲੜਕੀਆਂ) ਮੋਗਾ ਵਿਖੇ ਸੈਮੀਨਾਰ ਦੌਰਾਨ ਪ੍ਰਿਸੀਪਲ ਸ. ਜਗਤਾਰ ਸਿੰਘ ਦੇ ਨਾਲ ਸਾਹਿਤਕਾਰ ਡਾ. ਸੁਰਜੀਤ ਦੌਧਰ, ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ, ਸ. ਸੁਖਦੇਵ ਸਿੰਘ ਬਰਾੜ, ਲੇਖਕ ਹਰਜੀਤ ਕੌਰ ਗਿੱਲ ਅਤੇ ਪਰਮਜੀਤ ਕੌਰ ਗਿੱਲ। ਫੋਟੋ ਤੇ ਵੇਰਵਾ: ਮਵਦੀਲਾ